## ਅਧਿਆਇ 18

# ਪਰਮੇਸ਼ੁਰ ਦਾ ਅਬਰਾਹਾਮ ਦੇ ਕੋਲ ਆਉਣਾ

ਪਿਛਲੇ ਅਧਿਆਇ ਵਿਚ, ਯਹੋਵਾਹ ਨੇ ਅਬਰਾਹਾਮ ਨੂੰ ਦਰਸ਼ਣ ਦਿੱਤੇ। ਇਸ ਮਹੱਤਵਪੂਰਣ ਮੁਲਾਕਾਤ ਦੇ ਦੌਰਾਨ, ਪਰਮੇਸ਼ੁਰ ਨੇ ਕਨਾਨ ਨੂੰ ਵਾਇਦਾ ਕੀਤੇ ਹੋਏ ਦੇਸ ਦੇ ਰੂਪ ਵਿਚ ਦੱਸਿਆ (17:8), ਸੁੰਨਤ ਦੇ ਨੇਮ ਦਾ ਵਿਸਤਾਰਪੂਰਬਕ ਵਰਣਨ ਦਿੱਤਾ (17:9-14) ਅਤੇ ਅਬਰਾਹਾਮ ਅਤੇ ਸਾਰਾਹ ਦੇ ਨਾਮਾਂ ਨੂੰ ਬਦਲਿਆ (17:5, 15)। ਉਸ ਨੇ ਕਿਹਾ ਕਿ ਸਾਰਾਹ, ਜੋ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਤਾ, ਦੇ ਘਰ ਇੱਕ ਪੁੱਤਰ ਹੋਵੇਗਾ ਜਿਸ ਦਾ ਨਾਮ ਇਸਹਾਕ ਹੋਵੇਗਾ (17:16, 19); ਅਤੇ ਉਸ ਨੇ ਵਾਇਦਾ ਕੀਤਾ ਕਿ ਉਹ ਇਸਮਾਏਲ ਨੂੰ ਬਾਰ੍ਹਾਂ ਰਾਜਕੁਮਾਰਾਂ ਦੇ ਪਿਤਾ ਅਤੇ ਇੱਕ ਮਹਾਨ ਰਾਸ਼ਟਰ ਦਾ ਪੁਰਖਾ ਬਣਾਵੇਗਾ (17:20)। ਇਸ ਤੋਂ ਬਾਅਦ, ਉਹ ਤੁਰੰਤ ਚਲਾ ਗਿਆ (17:22)। ਅਧਿਆਇ 18 ਵਿਚ, ਅਬਰਾਹਾਮ ਦੇ ਨਾਲ ਪ੍ਰਭੂ ਦੀ ਤੀਜੀ ਮੁਲਾਕਾਤ।

## ਅਬਰਾਹਾਮ ਦੁਆਰਾ ਤਿੰਨ ਸੁਰਗੀ ਦੂਤਾਂ ਦੀ ਪ੍ਰਾਹੁਣਾਚਾਰੀ (18:1-8)

**1ਫੇਰ ਯਹੋਵਾਹ ਨੇ ਉਹ ਨੂੰ ਮਮਰੇ ਦਿਆਂ ਬਲੂਤਾਂ ਵਿੱਚ ਦਰਸ਼ਨ ਦਿੱਤਾ ਜਾਂ ਉਹ ਆਪਣੇ
ਤੰਬੂ ਦੇ ਬੂਹੇ ਵਿੱਚ ਦਿਨ ਦੀ ਧੁੱਪ ਦੇ ਵੇਲੇ ਬੈਠਾ ਹੋਇਆ ਸੀ। 2ਉਸ ਨੇ ਆਪਣੀਆਂ ਅੱਖੀਆਂ
ਚੁੱਕਕੇ ਨਿਗਾਹ ਮਾਰੀ ਅਰ ਵੇਖੋ ਤਿੰਨ ਮਨੁੱਖ ਉਹ ਦੇ ਸਾਹਮਣੇ ਖਲੋਤੇ ਸਨ ਅਤੇ ਉਨ੍ਹਾਂ ਨੂੰ
ਵੇਖਦੇ ਹੀ ਉਹ ਉਨ੍ਹਾਂ ਦੇ ਮਿਲਣ ਲਈ ਤੰਬੂ ਦੇ ਬੂਹਿਓਂ ਨੱਸਿਆ ਅਤੇ ਧਰਤੀ ਤੀਕ ਝੁਕਿਆ।
3ਉਸ ਨੇ ਆਖਿਆ, ਹੇ ਪ੍ਰਭੁ ਜੇ ਮੇਰੇ ਉੱਤੇ ਤੇਰੀ ਕਿਰਪਾ ਦੀ ਨਿਗਾਹ ਹੋਈ ਹੈ ਤਾਂ ਆਪਣੇ ਦਾਸ
ਦੇ ਕੋਲੋਂ ਚੱਲਿਆ ਨਾ ਜਾਣਾ। 4ਥੋਹੜਾ ਜਿਹਾ ਪਾਣੀ ਲਿਆਇਆ ਜਾਵੇ ਤਾਂਜੋ ਤੁਸੀਂ ਆਪਣੇ ਚਰਨ
ਧੋਕੇ ਰੁੱਖ ਹੇਠ ਅਰਾਮ ਕਰੋ। 5ਮੈਂ ਥੋਹੜੀ ਜਿਹੀ ਰੋਟੀ ਵੀ ਲਿਆਉਂਦਾ ਹਾਂ ਸੋ ਆਪਣੇ ਮਨਾਂ ਨੂੰ
ਤਰਿਪਤ ਕਰੋ। ਫੇਰ ਤੁਸੀਂ ਅੱਗੇ ਲੰਘ ਜਾਇਓ ਕਿਉਂਕਿ ਏਸੇ ਲਈ ਤੁਸੀਂ ਆਪਣੇ ਦਾਸ ਕੋਲ ਆਏ
ਹੋ। ਤਾਂ ਉਨ੍ਹਾਂ ਨੇ ਆਖਿਆ, ਓਵੇਂ ਹੀ ਕਰ ਜਿਵੇਂ ਤੂੰ ਬੋਲਿਆ। 6ਤਦ ਅਬਰਾਹਾਮ ਨੇ ਸਾਰਾਹ ਕੋਲ
ਤੰਬੂ ਵਿੱਚ ਛੇਤੀ ਜਾਕੇ ਆਖਿਆ, ਝੱਟ ਕਰ ਅਰ ਤਿੰਨ ਮਾਪ ਮੈਦਾ ਗੁੰਨ੍ਹਕੇ ਫੁਲਕੇ ਪਕਾ। 7ਅਤੇ
ਅਬਰਾਹਾਮ ਨੱਸਕੇ ਚੌਣੇ ਵਿੱਚ ਗਿਆ ਅਤੇ ਇੱਕ ਵੱਛਾ ਨਰਮ ਅਰ ਚੰਗਾ ਲੈਕੇ ਇੱਕ ਜੁਆਨ ਨੂੰ
ਦਿੱਤਾ ਅਤੇ ਉਸ ਨੇ ਛੇਤੀ ਉਹ ਨੂੰ ਤਿਆਰ ਕੀਤਾ। 8ਫੇਰ ਉਸ ਨੇ ਦਹੀ ਅਰ ਦੁੱਧ ਅਰ ਉਹ
ਵੱਛਾ ਜਿਹ ਨੂੰ ਉਸ ਨੇ ਤਿਆਰ ਕਰਵਾਇਆ ਸੀ ਲੈਕੇ ਉਨ੍ਹਾਂ ਦੇ ਅੱਗੇ ਪਰੋਸ ਦਿੱਤਾ ਅਤੇ ਆਪ
ਉਨ੍ਹਾਂ ਦੇ ਕੋਲ ਰੁੱਖ ਹੇਠ ਖੜਾ ਰਿਹਾ ਅਤੇ ਉਨ੍ਹਾਂ ਨੇ ਖਾਧਾ।**

**ਆਇਤ 1.** ਇਹ **ਯਹੋਵਾਹ** (יהוה, *ਯਾਹਵੇ*) ਸੀ, ਜੋ ਦੁਬਾਰਾ ਆਇਆ ਸੀ। ਇਸ ਵਾਰ,

ਉਹ ਤਿੰਨ ਸਵਰਗੀ ਮੁਲਾਕਾਤੀਆਂ ਦੀ ਮੰਡਲੀ ਦੇ ਰੂਪ ਵਿਚ ਆਇਆ, ਜੋ ਮਨੁੱਖਾਂ ਦੇ ਵਾਂਗ ਦਿੱਸਦੇ ਸਨ। ਬੇਸ਼ੱਕ, ਅਬਰਾਹਾਮ ਬੁਲਾਰੇ ਨੂੰ ਪਹਿਚਾਣ ਨਹੀਂ ਸਕਿਆ ਜਦੋਂ ਤੱਕ ਬਾਅਦ ਵਿਚ ਕਹਾਣੀ ਵਿਚ (18:10, 13, 14, 17, 20, 25-27, 30, 32, 33)।

ਬਜ਼ੁਰਗ ਪੁਰਖਾ [ਆਪਣੇ] **ਤੰਬੂ ਦੇ ਬੂਹੇ ਵਿੱਚ . . . ਬੈਠਾ ਹੋਇਆ** ਸੀ। ਨੋਮੇਦੀ ਤੰਬੂਆਂ ਤੇ ਪਰਦੇ ਲੱਗੇ ਹੁੰਦੇ ਸਨ ਜੋ, ਜਦੋਂ ਦਿਨ ਦੇ ਸਮੇਂ ਉਠਾਏ ਜਾਂਦੇ ਸਨ, ਤਾਂ ਇਨ੍ਹਾਂ ਦੇ ਦੁਆਰਾ ਹਵਾ ਅੰਦਰ ਆਉਂਦੀ ਸੀ। ਤੰਬੂ ਦੇ ਬੂਹੇ ਤੇ ਬੈਠ ਕੇ ਅਬਰਾਹਾਮ ਹਵਾ ਅਤੇ ਛਾਂ ਦਾ ਅਨੰਦ ਮਾਣ ਸਕਦਾ ਸੀ।[1] ਇਸ ਤੋਂ ਇਲਾਵਾ, ਸ਼ਾਇਦ ਉਸ ਦਾ ਤੰਬੂ **ਮਮਰੇ ਦਿਆਂ ਬਲੂਤਾਂ** ਵਿਚੋਂ ਇੱਕ ਦੀ ਛਾਂ ਵਿਚ ਲਾਇਆ ਗਿਆ ਸੀ (13:18; 14:13)। ਇੱਥੇ ਉਹ ਆਪਣੀਆਂ ਅੱਖੀਆਂ ਨੂੰ ਆਰਾਮ ਦਿੰਦਾ ਹੋਵੇਗਾ, ਤਾਂ ਕਿ ਉਸ ਨੂੰ ਦਿਨ ਦੇ ਸਭ ਤੋਂ ਗਰਮ ਸਮੇਂ ਵਿਚ ਸੂਰਜ ਦੀ ਤਪਸ਼ ਤੋਂ ਅਰਾਮ ਮਿਲ ਸਕੇ।

**ਆਇਤ 2.** ਅਚਾਨਕ, ਅਬਰਾਹਾਮ ਨੇ **ਆਪਣੀਆਂ ਅੱਖੀਆਂ ਚੁੱਕ ਕੇ ਨਿਗਾਹ ਮਾਰੀ** ਤਾਂ ਕੀ ਵੇਖਦਾ ਹੈ ਕਿ **ਤਿੰਨ ਮਨੁੱਖ ਉਹ ਦੇ ਸਾਹਮਣੇ ਖਲੋਤੇ ਸਨ। ਉਨ੍ਹਾਂ ਨੂੰ ਵੇਖਦੇ ਹੀ** ਤੁਰੰਤ, ਉਹ ਛੇਤੀ ਨਾਲ **ਉਨ੍ਹਾਂ ਦੇ ਮਿਲਣ ਲਈ ਤੰਬੂ ਦੇ ਬੂਹਿਓਂ ਨੱਸਿਆ** ਕਿ ਉਨ੍ਹਾਂ ਨੂੰ ਸਲਾਮ ਕਰੇ ਅਤੇ **ਧਰਤੀ ਤੀਕ ਝੁਕਿਆ**। ਇੱਥੇ "**ਝੁਕਿਆ,**" חָוָה (*ਚਾਹਵਾ*) ਦੇ ਲਈ ਜੋ ਇਬਰਾਨੀ ਸ਼ਬਦ ਇਸਤੇਮਾਲ ਕੀਤਾ ਗਿਆ ਹੈ, ਉਹ ਆਮ ਤੌਰ ਤੇ ਪੁਰਾਣੇ ਨੇਮ ਵਿਚ ਪਰਮੇਸ਼ੁਰ (ਜਾਂ ਦੇਵਤਿਆਂ) ਦੀ ਅਰਾਧਨਾ ਦਾ ਉਲੇਖ ਕਰਦਾ ਹੈ (24:26; ਕੂਚ 20:5)। ਪਰ ਕੁਝ ਮਾਮਲਿਆਂ ਵਿਚ, ਜਿਵੇਂ ਅਬਰਾਹਾਮ ਦੇ ਇਸ ਦ੍ਰਿਸ਼ਟਾਂਤ ਵਿਚ, ਇਸ ਦਾ ਅਰਥ **ਮੱਥਾ ਟੇਕਣਾ ਹੈ,** ਜੋ ਰਿਸ਼ਤੇਦਾਰਾਂ, ਪਰਦੇਸੀਆਂ, ਉੱਚ ਅਧਿਕਾਰੀਆਂ ਅਤੇ ਖਾਸ ਤੌਰ ਤੇ ਰਾਜ-ਘਰਾਣੇ ਦੇ ਲੋਕਾਂ ਦੇ ਸਾਹਮਣੇ ਆਪਣੇ ਆਪ ਨੂੰ ਨੀਵਾਂ ਕਰਨ ਦਾ ਇੱਕ ਆਮ ਤਰੀਕਾ ਸੀ।[2] ਇੱਕ ਮੇਜ਼ਬਾਨ ਦੇ ਰੂਪ ਵਿਚ, ਅਬਰਾਹਾਮ ਅਜਨਬੀਆਂ ਦੇ ਵਿਸ਼ੇ ਵਿਚ ਇਹ ਨਾ ਜਾਣਦਾ ਹੋਇਆ ਕਿ ਇਹ ਸਵਰਗੀ ਦੂਤ ਹਨ ਉਨ੍ਹਾਂ ਦਾ ਨਿੱਘਾ ਸਵਾਗਤ ਕਰਨ ਅਤੇ ਉਨ੍ਹਾਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦੇਣ ਦੇ ਲਈ ਉਨ੍ਹਾਂ ਦਾ ਆਦਰ ਕਰਨ ਦੇ ਲਈ ਦੌੜ ਕੇ ਬਾਹਰ ਗਿਆ।

**ਆਇਤ 3.** ਅਬਰਾਹਾਮ ਦਾ ਇਹ ਕੰਮ ਪੁਰਾਤਨ ਨਿਕਟ ਪੂਰਬੀ ਪਰਾਹੁਣਾਚਾਰੀ ਦੀ ਇੱਕ ਉਦਾਹਰਣ ਸੀ, ਖਾਸ ਤੌਰ ਤੇ ਉਨ੍ਹਾਂ ਲੋਕਾਂ ਦੇ ਲਈ ਜੋ ਸਮਾਜ ਦੇ ਕਿਨਾਰੇ ਤੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਕੋਲ ਮਹਿਮਾਨਾਂ ਨਾਲ ਮਿਲਣ ਜਾਂ ਉਨ੍ਹਾਂ ਦਾ ਮਨੋਰੰਜਨ ਕਰਨ ਦਾ ਬਹੁਤ ਹੀ ਘੱਟ ਮੌਕਾ ਹੁੰਦਾ ਸੀ। ਇਸ ਤੋਂ ਇਲਾਵਾ, ਉਸ ਸੰਸਕ੍ਰਿਤੀ ਵਿਚ, ਮੇਜ਼ਬਾਨ ਆਪਣੇ ਮਹਿਮਾਨਾਂ ਦੀਆਂ ਲੋੜਾਂ ਅਤੇ ਸੁਰੱਖਿਆ ਦੇ ਲਈ ਉਸ ਸਮੇਂ ਤੱਕ ਜ਼ਿੰਮੇਵਾਰ ਹੁੰਦਾ ਸੀ ਜਦੋਂ ਉਹ ਉਸ ਦੇ ਨਾਲ ਹੁੰਦਾ ਸੀ। ਇਸ ਲਈ, ਪੁਰਖੇ ਨੇ ਇਹ ਕਹਿੰਦੇ ਹੋਏ ਮੁਖੀ ਨੂੰ ਸੰਬੋਧਤ ਕੀਤਾ, **ਹੇ ਪ੍ਰਭੁ**, ਜੋ, ਇਸ ਪ੍ਰਸੰਗ ਵਿਚ, "ਸ਼੍ਰੀਮਾਨ" ਦੇ ਸਮਾਨ ਇੱਕ ਨਿਮਰਤਾ ਪੂਰਣ ਨਮਸਕਾਰ ਸੀ।[3] ਉਸ ਨੇ ਇਹ ਕਹਿੰਦੇ ਹੋਏ, ਉਸ ਨੂੰ ਬੇਨਤੀ ਕੀਤੀ, **ਜੇ ਮੇਰੇ ਉੱਤੇ ਤੇਰੀ ਕਿਰਪਾ ਦੀ ਨਿਗਾਹ ਹੋਈ ਹੈ ਤਾਂ ਆਪਣੇ ਦਾਸ ਦੇ ਕੋਲੋਂ ਚੱਲਿਆ ਨਾ ਜਾਣਾ**।

**ਆਇਤਾਂ 4, 5.** ਫਿਰ ਉਸ ਨੇ ਉਨ੍ਹਾਂ ਨੂੰ ਉਹ ਮੁਹੱਈਆ ਕਰਨ ਦੀ ਪੇਸ਼ਕਸ਼ ਕੀਤੀ ਜੋ ਗਰਮੀ ਵਿਚ, ਥੱਕੇ ਹੋਏ ਯਾਤਰੀਆਂ ਦੇ ਆਦਰ ਦੇ ਰੂਪ ਵਿਚ ਉਨ੍ਹਾਂ ਨੂੰ ਸਦਾ ਪੇਸ਼ ਕੀਤਾ ਜਾਂਦਾ ਸੀ: [ਉਨ੍ਹਾਂ] ਦੇ ਪੀਣ ਲਈ ਅਤੇ **ਚਰਨ** ਧੋਣ ਦੇ ਲਈ **ਪਾਣੀ** (ਵੇਖੋ 19:2; 24:32; 43:24; ਨਿਆਈਆਂ 19:1; ਲੂਕਾ 7:44)। ਉਸ ਨੇ ਉਨ੍ਹਾਂ ਨੂੰ ਸੱਦਾ ਦਿੱਤਾ ਕਿ **ਰੁੱਖ ਹੇਠ ਅਰਾਮ ਕਰੋ** (18:1), ਜਦਕਿ ਉਹ ਉਨ੍ਹਾਂ ਦੇ ਲਈ **ਥੋਹੜੀ ਜਿਹੀ ਰੋਟੀ** ("ਰੋਟੀ ਦਾ ਇੱਕ ਟੁਕੜਾ"; NKJV) ਲਿਆਉਣ ਦੇ ਲਈ ਗਿਆ। ਇਹ ਉਸ ਦਾਅਵਤ ਦੀ ਕਿਸਮ ਨੂੰ ਸਮਝਾਉਣ ਦਾ ਇੱਕ ਤਰੀਕਾ ਸੀ

ਜੋ ਆਪਣੇ ਮਹਿਮਾਨਾਂ ਦੇ ਮਨ ਵਿਚ ਅਬਰਾਹਾਮ ਦੇ ਮਨ ਵਿਚ ਸੀ। ਇਸ ਦਾ ਉਦੇਸ਼ ਮਹਿਮਾਨਾਂ ਨੂੰ ਅਰਾਮ ਦੇ ਨਾਲ ਰੱਖਣਾ ਅਤੇ ਉਨ੍ਹਾਂ ਨੂੰ ਇਹ ਯਕੀਨ ਦਿਵਾਉਣਾ ਸੀ ਕਿ ਉਹ ਉਸ ਨੂੰ ਤੰਗ ਨਹੀਂ ਕਰ ਰਹੇ ਸਨ। ਨਹੀਂ ਤਾਂ, ਹੋ ਸਕਦਾ ਹੈ ਕਿ ਉਹ ਉਸ ਦੇ ਸੱਦੇ ਨੂੰ ਰੱਦ ਕਰ ਦੇਣ। ਜਦੋਂ ਮਹਿਮਾਨਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਨੇ ਉੱਤਰ ਦਿੱਤਾ, **ਓਵੇਂ ਹੀ ਕਰ ਜਿਵੇਂ ਤੂੰ ਬੋਲਿਆ ਹੈਂ**।

**ਆਇਤ 6.** ਅਬਰਾਹਾਮ ਦੀ ਉਮਰ ਅਤੇ ਦਿਨ ਦੀ ਗਰਮੀ ਦੇ ਬਾਵਜੂਦ, ਉਹ ਆਪਣੇ ਪਰਾਹੁਣਿਆਂ ਦਾ ਸਵਾਗਤ ਕਰਨਾ ਚਾਹੁੰਦਾ ਸੀ ਅਤੇ ਉਨ੍ਹਾਂ ਨੂੰ ਉਹ ਸਭ ਕੁਝ ਪ੍ਰਦਾਨ ਕਰਨਾ ਚਾਹੁੰਦਾ ਸੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ। ਉਸ ਨੇ **ਸਾਰਾਹ ਕੋਲ ਤੰਬੂ ਵਿੱਚ ਛੇਤੀ ਜਾਕੇ** ਉਸ ਨੂੰ ਆਖਿਆ **ਕਿ ਤਿੰਨ ਮਾਪ** ["ਸੇਆਹ"; NIV] **ਮੈਦਾ ਗੁੰਨ੍ਹਕੇ ਫੁਲਕੇ ਪਕਾ**। ਕਿਉਂਕਿ ਸੇਰ ਲਗਭਗ ਦੋ ਗੈਲਨ (ਜਾਂ ਅੱਠ ਲੀਟਰ),[4] ਇਸ ਲਈ ਤਿੰਨ ਸੇਰ ਮੈਦੇ ਦੀਆਂ ਬਹੁਤ ਸਾਰੀਆਂ ਰੋਟੀਆਂ ਬਣਨਗੀਆਂ – ਉਸ ਤੋਂ ਵੀ ਵੱਧ ਕੇ ਜੋ ਅਬਰਾਹਾਮ, ਸਾਰਾਹ, ਅਤੇ ਤਿੰਨੇ ਮੁਲਾਕਾਤੀਆਂ ਦੇ ਖਾਣ ਤੋਂ ਵੀ ਵੱਧ ਕੇ ਸਨ। ਭਾਵੇਂ ਇਸ ਕਹਾਣੀ ਦੇ ਵਿਚ ਹੋਰ ਕਿਸੇ ਦਾ ਵੀ ਜ਼ਿਕਰ ਨਹੀਂ ਕੀਤਾ ਗਿਆ, ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਦਾ ਪਰਿਵਾਰ ਬਹੁਤ ਹੀ ਵੱਡਾ ਪਰਿਵਾਰ ਸੀ (14:14)। ਭਾਵੇਂ ਇਨ੍ਹਾਂ ਦੇ ਨਾਲ ਕੋਈ ਵੀ ਹੋਰ ਨਾ ਖਾਂਦਾ, ਤਾਂ ਵੀ ਭੋਜਨ ਬਰਬਾਦ ਨਹੀਂ ਹੋਣਾ ਸੀ। "ਮੈਦਾ" ਇੱਕ ਉੱਚ ਗੁਣਵੱਤਤਾ ਦੇ ਆਟੇ ਨੂੰ ਦਰਸਾਉਂਦਾ ਹੈ; ਇਸ ਨੂੰ ਕਣਕ ਤੋਂ ਬਾਰੀਕ ਪੀਸ ਕੇ ਬਣਾਇਆ ਜਾਂਦਾ ਸੀ। ਹੋਰ ਕਿਸੇ ਸਥਾਨ ਤੇ, ਇਹ ਸਸਤੇ ਜੌਂ ਤੋਂ ਉਲਟ ਹੈ (2 ਰਾਜਿਆਂ 7:1, 16)। ਸ਼ਰਾ ਵਿਚ, "ਮੈਦਾ" ਅਕਸਰ ਪਰਮੇਸ਼ੁਰ ਨੂੰ ਚੜ੍ਹਾਏ ਜਾਣ ਵਾਲੇ ਬਲੀਦਾਨਾਂ ਦੇ ਵਿਚ ਜ਼ਰੂਰੀ ਹੁੰਦਾ ਸੀ (ਕੂਚ 29:2, 40; ਲੇਵੀਆਂ 2:1-7; 5:11; 6:15, 20)।

**ਆਇਤਾਂ 7, 8.** ਲੇਲਾ ਜਾਂ ਬੱਕਰਾ ਵੀ ਕਾਫੀ ਸੀ (ਵੇਖੋ 2 ਸਮੂਏਲ 12:4; ਲੂਕਾ 15:27-30), ਪਰ **ਚੌਣੇ ਵਿੱਚ** ਜਾ ਕੇ **ਇੱਕ ਵੱਛਾ ਨਰਮ ਅਰ ਚੰਗਾ** ਵੱਢਣ ਨਾਲ ਇਨ੍ਹਾਂ ਤਿੰਨ ਅਜਨਬੀਆਂ ਨੇ ਉਸ ਉਦਾਰਤਾ ਨੂੰ ਵੇਖਿਆ ਜਿਹੜੀ ਕਿਸੇ ਰਾਜਾ ਵੱਲੋਂ ਦਰਸਾਈ ਜਾਂਦੀ ਹੈ। ਜਦ ਅਬਰਾਹਾਮ ਨੇ ਉਨ੍ਹਾਂ ਦੀ ਮਿਹਮਾਨੀ ਕੀਤੀ, ਤਾਂ ਸ਼ਾਇਦ ਆਪਣੇ ਪ੍ਰਾਹੁਣਿਆਂ ਦੇ ਲਈ ਆਪਣਾ ਸਰਬਉੱਤਮ ਪੇਸ਼ ਕਰਨ ਲਈ ਮਿਹਨਤ ਕਰਦਿਆਂ ਉਹ ਕਈ ਵਰ੍ਹੇ ਪਹਿਲਾਂ ਪਰਮੇਸ਼ੁਰ ਵੱਲੋਂ ਉਸ ਨੂੰ ਦਿੱਤੇ ਗਏ ਹੁਕਮ ਨੂੰ ਚੇਤੇ ਕਰ ਰਿਹਾ ਸੀ ਕਿ ਉਹ "ਬਰਕਤ ਦਾ ਕਾਰਨ" ਹੋਵੇ (12:2)। ਇਸ ਤੋਂ ਮਗਰੋਂ ਇੱਕ **ਜੁਆਨ** ਨੇ ਮਾਸ ਤਿਆਰ ਕੀਤਾ ਅਤੇ ਅਬਰਾਹਾਮ ਨੇ **ਦਹੀ ਅਰ ਦੁੱਧ ਅਰ ਉਹ ਵੱਛਾ** ਜੋ ਪਕਾਇਆ ਗਿਆ ਸੀ ਲੈ ਕੇ ਉਨ੍ਹਾਂ ਨੂੰ ਵਰਤਾ ਦਿੱਤਾ (ਵੇਖੋ ਬਿਵਸਥਾ ਸਾਰ 32:14; ਨਿਆਈਆਂ 5:25; 6:18, 19)। ਤਦ ਉਹ **ਆਪ ਉਨ੍ਹਾਂ ਦੇ ਕੋਲ ਰੁੱਖ ਹੇਠ ਖੜਾ ਰਿਹਾ ਅਤੇ ਉਨ੍ਹਾਂ ਨੇ ਖਾਧਾ**।

## ਸਾਰਾਹ, ਇੱਕ ਅਵਿਸ਼ਵਾਸੀ ਮੇਜ਼ਬਾਨ (18:9–15)

**9ਫੇਰ ਉਨ੍ਹਾਂ ਨੇ ਉਹ ਨੂੰ ਆਖਿਆ, ਸਾਰਾਹ ਤੇਰੀ ਪਤਨੀ ਕਿੱਥੇ ਹੈ? ਉਸ ਨੇ ਆਖਿਆ, ਵੇਖੋ ਤੰਬੂ ਵਿੱਚ ਹੈ। 10ਤਾਂ ਓਸ ਨੇ ਆਖਿਆ, ਮੈਂ ਜ਼ਰੂਰ ਬਹਾਰ ਦੀ ਰੁੱਤੇ ਤੇਰੇ ਕੋਲ ਮੁੜ ਆਵਾਂਗਾ ਅਤੇ ਵੇਖ ਸਾਰਾਹ ਤੇਰੀ ਪਤਨੀ ਪੁੱਤਰ ਜਣੇਗੀ ਅਤੇ ਸਾਰਾਹ ਤੰਬੂ ਦੇ ਬੂਹੇ ਵਿੱਚ ਜਿਹੜਾ ਉਹ ਦੇ ਪਿੱਛੇ ਸੀ ਸੁਣ ਰਹੀ ਸੀ। 11ਅਬਰਾਹਾਮ ਅਰ ਸਾਰਾਹ ਬੁੱਢੇ ਅਰ ਵੱਡੀ ਉਮਰ ਦੇ ਸਨ ਅਤੇ ਸਾਰਾਹ ਤੋਂ ਇਸਤਰੀਆਂ ਵਾਲੀ ਹਾਲਤ ਬੰਦ ਹੋ ਗਈ ਸੀ। 12ਤਾਂ ਸਾਰਾਹ ਆਪਣੇ ਮਨ ਵਿੱਚ ਹੱਸੀ ਤੇ ਆਖਿਆ ਕਿ ਜਦੋਂ ਮੈਂ ਪੁਰਾਣੀ ਪੈ ਗਈ ਹਾਂ ਤਾਂ ਮੈਨੂੰ ਮਜ਼ਾ ਆਵੇਗਾ? ਨਾਲੇ ਮੇਰਾ ਸਵਾਮੀ ਵੀ ਬੁੱਢਾ ਹੈ। 13ਤਾਂ ਯਹੋਵਾਹ ਨੇ ਅਬਰਾਹਾਮ ਨੂੰ ਆਖਿਆ ਕਿ ਸਾਰਾਹ ਕਿਉਂ ਇਹ**

**ਆਖਕੇ ਹੱਸੀ ਭਈ ਜਦ ਮੈਂ ਬੁੱਢੀ ਹੋ ਗਈ ਕੀ ਮੈਂ ਸੱਚੀ ਮੁੱਚੀ ਪੁੱਤਰ ਜਣਾਂਗੀ? ਭਲਾ, ਕੋਈ ਗੱਲ ਯਹੋਵਾਹ ਲਈ ਔਖੀ ਹੈ? [14]ਮਿਥੇ ਹੋਏ ਵੇਲੇ ਸਿਰ ਮੈਂ ਤੇਰੇ ਕੋਲ ਮੁੜ ਆਵਾਂਗਾ ਅਰ ਸਾਰਾਹ ਪੁੱਤਰ ਜਣੇਗੀ। [15]ਪਰ ਸਾਰਾਹ ਇਹ ਆਖਕੇ ਮੁੱਕਰ ਗਈ, ਕਿ ਮੈਂ ਨਹੀਂ ਹੱਸੀ ਕਿਉਂਜੋ ਉਹ ਡਰ ਗਈ ਪਰੰਤੂ ਉਸ ਨੇ ਆਖਿਆ, ਨਹੀਂ ਤੂੰ ਜ਼ਰੂਰ ਹੱਸੀ ਹੈਂ।**

**ਆਇਤ 9.** ਪ੍ਰਾਹੁਣਿਆਂ ਦੇ ਨਾਲ ਬੈਠ ਕੇ ਨਾ ਤਾਂ ਅਬਰਾਹਾਮ ਨੇ ਖਾਧਾ ਅਤੇ ਨਾ ਹੀ ਸਾਰਾਹ ਨੇ। ਜਦ ਉਹ ਖਾ ਰਹੇ ਸਨ ਤਾਂ ਅਬਰਾਹਾਮ ਉਨ੍ਹਾਂ ਦੇ ਕੋਲ ਖੜ੍ਹਾ ਰਿਹਾ ਅਤੇ ਇਸ ਤਰ੍ਹਾਂ ਉਹ ਉਨ੍ਹਾਂ ਦੇ ਮੇਜ਼ਬਾਨ ਅਤੇ ਸੇਵਕ ਦੀ ਭੂਮਿਕਾ ਨਿਭਾ ਰਿਹਾ ਸੀ। ਉਸ ਵੇਲੇ ਦੀ ਪਰੰਪਰਾ ਦੇ ਅਨੁਸਾਰ ਸਾਰਾਹ ਉਨ੍ਹਾਂ ਦੇ ਕੋਲ ਹੀ ਸੀ ਪਰ ਪਰਦੇ ਦੇ ਪਿਛਾਂਹ ਸੀ ਤਾਂ ਜੋ ਕਿਸੇ ਨੂੰ ਦਿਖਾਈ ਨਾ ਦੇਵੇ; ਆਮ ਤੌਰ ’ਤੇ ਇਸਤਰੀਆਂ ਪ੍ਰਾਹੁਣੇ ਆਏ ਪੁਰਸ਼ਾਂ ਦੇ ਨਾਲ ਨਹੀਂ ਬੈਠਦੀਆਂ ਸਨ।[5] ਉਨ੍ਹਾਂ ਪੁਰਸ਼ਾਂ ਨੇ ਪੁੱਛਿਆ, **ਸਾਰਾਹ ਤੇਰੀ ਪਤਨੀ ਕਿੱਥੇ ਹੈ?** ਸ਼ਾਇਦ ਅਬਰਾਹਾਮ ਉਨ੍ਹਾਂ ਦੇ ਪ੍ਰਸ਼ਨ ਤੋਂ ਹੈਰਾਨ ਹੋ ਗਿਆ ਹੋਵੇਗਾ? ਇਹ ਅਜਨਬੀ ਉਸ ਦਾ ਨਾਮ ਕਿਵੇਂ ਜਾਣਦੇ ਸਨ? ਮੂਲਪਾਠ ਵਿੱਚ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਅਬਰਾਹਾਮ ਨੇ ਉਨ੍ਹਾਂ ਦੇ ਨਾਲ ਸਾਰਾਹ ਦੀ ਜਾਣ-ਪਛਾਣ ਕਰਾਈ ਸੀ। ਸ਼ਾਇਦ ਘਟਨਾਵਾਂ ਦੀ ਇਸ ਲੜੀ ਨੇ ਉਸ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੋਵੇਗਾ ਕਿ ਕਿਤੇ ਇਹ ਅਜਨਬੀ ਸਿਰਫ ਸਧਾਰਨ ਮਨੁੱਖਾਂ ਤੋਂ ਵਧ ਕੇ ਤਾਂ ਨਹੀਂ ਹਨ। ਸਾਰਾਹ ਬਾਰੇ ਦੱਸਦਿਆਂ ਉਸ ਨੇ ਇਸ਼ਾਰਾ ਕਰਕੇ ਆਖਿਆ, **ਵੇਖੋ ਤੰਬੂ ਵਿੱਚ ਹੈ।**

**ਆਇਤ 10.** ਮੁੱਖ ਵਕਤਾ ਨੇ, ਜਿਸ ਨੂੰ 18:13 ਵਿੱਚ “ਯਹੋਵਾਹ” (ਯਾਹਵੇਹ) ਸਦਾਇਆ ਗਿਆ ਹੈ, ਫਿਰ ਆਖਿਆ: **ਮੈਂ ਜ਼ਰੂਰ ਬਹਾਰ ਦੀ ਰੁੱਤੇ ਤੇਰੇ ਕੋਲ ਮੁੜ ਆਵਾਂਗਾ ਅਤੇ ਵੇਖ ਸਾਰਾਹ ਤੇਰੀ ਪਤਨੀ ਪੁੱਤਰ ਜਣੇਗੀ।** ਇਸ ਸਮੇਂ ਤੋਂ ਪਹਿਲਾਂ ਪਰਮੇਸ਼ੁਰ ਵੱਲੋਂ ਅਬਰਾਹਾਮ ਨੂੰ ਪੁੱਤਰ ਦੇਣ ਦੀ ਪ੍ਰਤਿੱਗਿਆ ਵਿੱਚ ਕੋਈ ਸਮਾਂ ਨਹੀਂ ਦੱਸਿਆ ਗਿਆ ਸੀ ਕਿ ਉਨ੍ਹਾਂ ਦਾ ਇਹ ਵਾਰਿਸ ਕਦੋਂ ਪੈਦਾ ਹੋਵੇਗਾ। ਪਹਿਲਿਆਂ ਪ੍ਰਕਾਸ਼ਨਾਂ ਦੇ ਉਲਟ ਇਸ ਵਾਰ ਯਹੋਵਾਹ ਦਾ ਐਲਾਨ ਇੱਕ ਨਿਸ਼ਚਿਤ ਸਮੇਂ ਦੇ ਨਾਲ ਆਇਆ: “ਬਹਾਰ ਦੀ ਰੁੱਤੇ ਤੇਰੇ ਕੋਲ ਮੁੜ ਆਵਾਂਗਾ” (כָּעֵת חַיָּה, *ਕਾਏਥ ਖ਼ਾੱਯਾਹ*)। ਇਹ ਸ਼ਬਦ 2 ਰਾਜਿਆਂ 4:16, 17 ਵਿੱਚ ਵੀ ਇਸਤੇਮਾਲ ਕੀਤੇ ਗਏ ਹਨ ਅਤੇ ਇਨ੍ਹਾਂ ਦਾ ਸੰਕੇਤ ਬਸੰਤ ਰੁੱਤ ਵੱਲ ਹੈ, “ਮੁੜ ਹਰਿਆਵਲ ਦਾ ਸਮਾਂ।”[6] ਨਬੂਵਤ ਇਹ ਸਪੱਸ਼ਟ ਨਹੀਂ ਕਰਦੀ ਕਿ ਇੱਕ ਸਾਲ ਦੇ ਅੰਦਰ-ਅੰਦਰ ਹੋਣ ਵਾਲੀ ਸਾਰਾਹ ਦੀ ਗਰਭ ਅਵਸਥਾ ਨਾਲ ਯਹੋਵਾਹ ਦੇ ਅਬਰਾਹਾਮ ਕੋਲ ਮੁੜ ਕੇ ਆਉਣ ਦਾ ਕੀ ਸੰਬੰਧ ਹੈ, ਪਰ 21:1 ਆਖਦਾ ਹੈ ਕਿ ਯਹੋਵਾਹ ਨੇ ਸਾਰਾਹ ਨੂੰ ਇੱਕ ਪੁੱਤਰ ਬਖਸ਼ਿਆ।

**ਸਾਰਾਹ**, ਜੋ **ਤੰਬੂ ਦੇ ਬੂਹੇ ਵਿੱਚ ਜਿਹੜਾ ਉਹ ਦੇ ਪਿੱਛੇ ਸੀ ਸੁਣ ਰਹੀ ਸੀ**, ਨੇ ਇਸ ਨਬੂਵਤ ਨੂੰ ਸੁਣਿਆ ਕਿ ਅਗਲੇ ਸਾਲ ਬਸੰਤ ਰੁੱਤ ਵੇਲੇ ਉਹ ਇੱਕ ਪੁੱਤਰ ਨੂੰ ਜਣੇਗੀ। ਨਿਰਸੰਦੇਹ ਇਸ ਰੱਬੀ ਵਕਤਾ ਦੀ ਪਿੱਠ ਤੰਬੂ ਵੱਲ ਸੀ, ਇਸ ਕਰਕੇ ਸਾਰਾਹ ਨੇ ਇਹ ਕਦੇ ਨਹੀਂ ਸੋਚਿਆ ਹੋਵੇਗਾ ਕਿ ਕਿਸੇ ਨੂੰ ਇਸ ਬਾਰੇ ਪਤਾ ਸੀ ਕਿ ਉਹ ਲੁਕ ਕੇ ਇਨ੍ਹਾਂ ਪੁਰਸ਼ਾਂ ਦੀ ਆਪਸ ਵਿੱਚ ਹੋ ਰਹੀ ਗੱਲਬਾਤ ਨੂੰ ਸੁਣ ਰਹੀ ਸੀ।

**ਆਇਤ 11.** ਇੱਥੇ ਲੇਖਕ ਇੱਕ ਵਾਕ ਨੂੰ ਜੋੜਦਾ ਹੈ ਤਾਂ ਜੋ ਪਾਠਕਾਂ ਨੂੰ ਇਹ ਚੇਤੇ ਕਰਾਵੇ ਕਿ **ਅਬਰਾਹਾਮ ਅਰ ਸਾਰਾਹ** ਲਈ, ਜੋ ਐਨੇ **ਬੁੱਢੇ ਅਰ ਵੱਡੀ ਉਮਰ ਦੇ ਸਨ**, ਪੁੱਤਰ ਨੂੰ ਜਨਮ ਦੇਣਾ ਲਗਭਗ ਅਸੰਭਵ ਸੀ (ਵੇਖੋ 17:17)। **ਸਾਰਾਹ ਤੋਂ ਇਸਤਰੀਆਂ ਵਾਲੀ ਹਾਲਤ ਬੰਦ ਹੋ ਗਈ ਸੀ**; ਅਰਥਾਤ ਉਸ ਦਾ ਮਾਸਿਕ ਧਰਮ ਬੰਦ ਹੋਇਆਂ ਲੰਮਾਂ ਸਮਾਂ ਬੀਤ ਚੁੱਕਾ ਸੀ।

**ਆਇਤ 12.** ਇਸੇ ਕਰਕੇ, ਅਵਿਸ਼ਵਾਸ ਵਿੱਚ **ਸਾਰਾਹ ਆਪਣੇ ਮਨ ਵਿੱਚ ਹੱਸੀ**। ਪਰ ਉਸ

ਦਾ ਇਹ ਅਵਿਸ਼ਵਾਸ ਉਸ ਦੇ ਪਤੀ ਦੇ ਅਵਿਸ਼ਵਾਸ ਨਾਲੋਂ ਵੱਡਾ ਨਹੀਂ ਪਰਤੀਤ ਹੋ ਰਿਹਾ ਸੀ, ਜੋ ਇਹ ਸੁਣ ਕੇ ਕਿ ਉਹ ਅਜੇ ਵੀ ਮਾਪੇ ਬਣ ਸਕਦੇ ਸਨ, ਹੱਸਦਿਆਂ-ਹੱਸਦਿਆਂ ਆਪਣੇ ਮੂੰਹ ਭਾਰ ਡਿੱਗ ਪਿਆ (17:17)। ਸਾਰਾਹ ਆਪਣੇ ਮਨ ਵਿੱਚ ਬੁੜਬੁੜਾਉਂਦਿਆਂ ਆਖਣ ਲੱਗੀ, **ਜਦੋਂ ਮੈਂ ਪੁਰਾਣੀ ਪੈ ਗਈ ਹਾਂ ਤਾਂ ਮੈਨੂੰ ਮਜ਼ਾ ਆਵੇਗਾ? ਨਾਲੇ ਮੇਰਾ ਸਵਾਮੀ ਵੀ ਬੁੱਢਾ ਹੈ।** ਸਾਰਾਹ ਦਾ ਇਹ ਪ੍ਰਤੀਉੱਤਰ ਅਬਰਾਹਾਮ ਦੇ ਉਲਟ ਲੁਕਿਆ ਹੋਇਆ ਸੀ, ਪਰ ਉਸ ਨੇ ਵੀ ਇਹ ਸਿਆਣ ਲਿਆ ਸੀ ਕਿ ਉਹ ਦੋਵੇਂ ਹੀ ਐਨੇ "ਬੁੱਢੇ" ਹੋ ਚੁੱਕੇ ਹਨ ਕਿ ਹੁਣ ਬੱਚੇ ਨਹੀਂ ਜੰਮ ਸਕਦੇ। ਐਨੇ ਵਰ੍ਹਿਆਂ ਦੀ ਕੁੜੱਤਣ ਵਿੱਚ ਜੀਵਨ ਬਿਤਾ ਕੇ ਹੁਣ ਉਹ ਅਜਿਹੇ ਅਨੰਦ ਦਾ "ਮਜ਼ਾ" ਲੈਣ ਦੇ ਵਿਚਾਰ ਵੀ ਆਪਣੇ ਮਨ ਵਿੱਚ ਕਿਵੇਂ ਲਿਆ ਸਕਦੀ ਸੀ?

**ਆਇਤ 13.** ਸਾਰਾਹ ਨੇ ਲੁਕ ਕੇ ਉਸ ਅਜਨਬੀ ਦੀ ਅਬਰਾਹਾਮ ਨਾਲ ਹੋਈ ਗੱਲਬਾਤ ਨੂੰ ਸੁਣ ਲਿਆ ਸੀ, ਪਰ ਹੁਣ ਹਾਲਾਤ ਪੁੱਠੇ ਪੈ ਗਏ ਜਦ ਉਸ ਅਜਨਬੀ ਨੇ ਸਾਰਾਹ ਦੇ ਹਾਸੇ ਨੂੰ ਸੁਣ ਲਿਆ। ਲੇਖਕ ਨੇ ਲਿਖਿਆ ਕਿ ਇਹ ਵਕਤਾ **ਯਹੋਵਾਹ** (ਯਾਹਵੇਹ) ਸੀ ਅਤੇ ਇਸ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਉਹ ਸਾਰਾਹ ਦਾ ਨਾਮ ਕਿਵੇਂ ਜਾਣਦਾ ਸੀ ਅਤੇ ਕਿਵੇਂ ਜਾਣਦਾ ਸੀ ਕਿ ਸਾਰਾਹ ਨੇ ਆਪਣੇ ਮਨ ਵਿੱਚ ਆਪਣੇ ਆਪ ਨੂੰ ਕੀ ਆਖਿਆ ਸੀ; ਉਹ ਇਹ ਗੱਲ ਸੁਣ ਕੇ ਅਵਿਸ਼ਵਾਸ ਵਿੱਚ ਹੱਸੀ ਸੀ ਕਿ ਉਹ ਇਸ ਉਮਰ ਵਿੱਚ ਵੀ **ਪੁੱਤਰ** ਜਣ ਸਕਦੀ ਹੈ। ਇਸ ਕਰਕੇ ਯਹੋਵਾਹ ਨੇ **ਅਬਰਾਹਾਮ** ਤੋਂ ਸਵਾਲ ਕੀਤਾ, **ਸਾਰਾਹ ਕਿਉਂ . . . ਹੱਸੀ?**

**ਆਇਤ 14.** ਪਰਮੇਸ਼ੁਰ ਨੇ ਇਹ ਸਵਾਲ ਪੁੱਛਦਿਆਂ ਹੀ ਇੱਕ ਹੋਰ ਸਵਾਲ ਪੁੱਛਿਆ – ਉਹ ਸਵਾਲ ਜਿਹੜਾ ਕਈ ਵਰ੍ਹਿਆਂ ਤੋਂ ਅਬਰਾਹਾਮ ਅਤੇ ਉਸ ਦੀ ਪਤਨੀ ਦੇ ਸਾਹਮਣੇ ਚੱਲ ਰਹੇ ਇੱਕ ਮੁੱਢਲੇ ਮਸਲੇ ਨੂੰ ਸਿਆਣਦਾ ਸੀ (15:1–18:15): **ਭਲਾ, ਕੋਈ ਗੱਲ ਯਹੋਵਾਹ ਲਈ ਔਖੀ ਹੈ?** ਨਿਰਸੰਦੇਹ ਇਹ ਇੱਕ ਅਜਿਹਾ ਸਵਾਲ ਸੀ ਜਿਸ ਦਾ ਉੱਤਰ "ਨਾ" ਸੀ। ਯਹੋਵਾਹ ਲਈ ਕੁਝ ਵੀ ਔਖਾ ਨਹੀਂ ਹੈ (ਯਿਰਮਿਯਾਹ 32:17; ਮੱਤੀ 19:26; ਲੂਕਾ 1:37)। ਪਰਮੇਸ਼ੁਰ ਨੇ ਆਪਣੇ ਆਪ ਨੂੰ "ਸਰਬਸ਼ਕਤੀਮਾਨ" ਪਰਮੇਸ਼ੁਰ ਵਜੋਂ ਪੇਸ਼ ਕਰ ਦਿੱਤਾ ਸੀ (17:1)। ਯਹੋਵਾਹ ਨੇ ਅਬਰਾਹਾਮ ਅਤੇ ਸਾਰਾਹ ਨੂੰ ਵਿਸ਼ਵਾਸ ਦਾ ਸੱਦਾ ਦਿੰਦਿਆਂ ਆਖਿਆ ਕਿ ਉਨ੍ਹਾਂ ਦੀ ਇਸ ਬੁਢਾਪੇ ਦੀ ਅਵਸਥਾ ਵਿੱਚ ਵੀ ਉਹ ਉਨ੍ਹਾਂ ਦੇ ਸਰੀਰ ਦੀ ਤਾਕਤ ਨੂੰ ਚਮਤਕਾਰੀ ਰੀਤੀ ਨਾਲ ਮੁੜ ਨਵੇਕਲਾ ਕਰ ਸਕਦਾ ਹੈ ਅਤੇ ਪੁੱਤਰ ਪੈਦਾ ਕਰਨ ਦੇ ਯੋਗ ਬਣਾ ਸਕਦਾ ਹੈ। ਫਿਰ ਪਰਮੇਸ਼ੁਰ ਨੇ ਉਹ ਦੁਹਰਾਇਆ ਜੋ ਉਹ ਪਹਿਲਾਂ ਵੀ ਆਖ ਚੁੱਕਾ ਸੀ: **ਮਿਥੇ ਹੋਏ ਵੇਲੇ ਸਿਰ** [ਮੁੜ ਹਰਿਆਵਲ ਦੇ ਸਮੇਂ, ਬਸੰਤ ਵੇਲੇ] **ਮੈਂ ਤੇਰੇ ਕੋਲ ਮੁੜ ਆਵਾਂਗਾ ਅਰ ਸਾਰਾਹ ਪੁੱਤਰ ਜਣੇਗੀ।**

**ਆਇਤ 15. ਸਾਰਾਹ** ਨੇ ਹੁਣ ਸਿਆਣ ਲਿਆ ਕਿ ਇਹ ਪ੍ਰਾਹੁਣਾ ਮਨੁੱਖ ਦੇ ਰੂਪ ਵਿੱਚ ਆਇਆ ਪਰਮੇਸ਼ੁਰ ਸੀ, ਕਿਉਂਕਿ ਹੋਰ ਕੌਣ ਇਹ ਜਾਣ ਸਕਦਾ ਸੀ ਕਿ ਉਸ ਨੇ ਆਪਣੇ ਮਨ ਵਿੱਚ ਕੀ ਆਖਿਆ ਸੀ? ਹੈਰਾਨ ਹੋਣ ਦੇ ਨਾਲ-ਨਾਲ ਉਹ **ਡਰ ਗਈ** ਅਤੇ ਉਸ ਦੇ ਮਨ ਦੇ ਵਿਚਾਰ ਉਜਾਗਰ ਹੋ ਜਾਣ ਕਰਕੇ ਸ਼ਰਮਿੰਦੀ ਵੀ ਹੋ ਗਈ। ਇਸ ਕਰਕੇ ਉਹ **ਮੁੱਕਰ ਗਈ** ਅਤੇ ਆਖਣ ਲੱਗੀ, **ਮੈਂ ਨਹੀਂ ਹੱਸੀ।** ਇਹ ਝੂਠ ਉਸ ਝੂਠ ਦੇ ਸਮਾਨ ਸੀ ਜਿਹੜਾ ਉਸ ਦੇ ਪਤੀ ਨੇ ਆਪਣੀ ਜਾਨ ਗੁਆਉਣ ਦੇ ਡਰ ਦੇ ਮਾਰੇ ਫਿਰਊਨ ਦੇ ਸਾਹਮਣੇ ਬੋਲਿਆ ਸੀ (12:10-20)। ਜਦ ਉਸ ਨੇ ਸਿਆਣ ਲਿਆ ਕਿ ਪਰਮੇਸ਼ੁਰ ਉਸ ਦੇ ਅਵਿਸ਼ਵਾਸ ਨੂੰ ਜਾਣਦਾ ਹੈ, ਤਾਂ ਉਸ ਨੂੰ ਸਜ਼ਾ ਦਾ ਡਰ ਸਤਾਉਣ ਲੱਗਾ; ਪਰ ਉਸ ਨੇ ਆਪਣੇ ਹੱਸਣ ਤੋਂ ਇਨਕਾਰ ਕਰਕੇ ਆਪਣੇ ਦੋਸ਼ ਨੂੰ ਵਧਾ ਲਿਆ।

ਸਾਰਾਹ ਦੇ ਲਈ ਪਰਮੇਸ਼ੁਰ ਦਾ ਜਵਾਬ ਹੈਰਾਨੀਜਨਕ ਸੀ। ਜਵਾਬ ਵਿੱਚ ਉਸ ਨੂੰ ਉਹ ਕ੍ਰੋਧ ਨਹੀਂ ਮਿਲਿਆ ਜਿਸ ਤੋਂ ਉਹ ਡਰ ਰਹੀ ਸੀ। ਅਤੇ ਨਾ ਹੀ 17:17 ਵਿੱਚ ਦਰਸਾਏ ਗਏ ਉਸ

ਦੇ ਪਤੀ ਦੇ ਅਵਿਸ਼ਵਾਸ ਦੇ ਕਾਰਣ ਪਰਮੇਸ਼ੁਰ ਦਾ ਕ੍ਰੋਧ ਉਸ ਉੱਤੇ ਪਿਆ। ਇਸ ਦੇ ਉਲਟ ਪਰਮੇਸ਼ੁਰ ਜਾਣਦਾ ਸੀ ਕਿ ਜਿਸ ਵਿਆਹੁਤਾ ਜੋੜੇ ਦੀ ਬੱਚੇ ਜਣਨ ਦੀ ਤਾਕਤ ਦੇ ਭਾਵ ਨਾਲ ਉਨ੍ਹਾਂ ਦੇ ਸਰੀਰ ਲਗਭਗ ਮ੍ਰਿਤ ਅਵਸਥਾ ਵਿੱਚ ਪੁੱਜ ਚੁੱਕੇ ਹਨ, ਉਨ੍ਹਾਂ ਦੇ ਲਈ ਇਹ ਵਿਸ਼ਵਾਸ ਕਰਨਾ ਬਹੁਤ ਜ਼ਿਆਦਾ ਔਖਾ ਸੀ ਕਿ ਉਹ ਅਜੇ ਵੀ ਪੁੱਤਰ ਨੂੰ ਜਨਮ ਦੇ ਸਕਦੇ ਸਨ। ਇਸ ਕਰਕੇ ਪਰਮੇਸ਼ੁਰ ਨੇ ਕ੍ਰੋਧ ਵਿੱਚ ਉੱਤਰ ਦੇਣ ਦੁਆਰਾ ਸਾਰਾਹ ਦੀ ਚਿੰਤਾ ਨੂੰ ਨਹੀਂ ਵਧਾਇਆ। ਤਾਂ ਵੀ ਉਸ ਨੇ ਦ੍ਰਿੜ੍ਹਤਾ ਅਤੇ ਕਿਰਪਾਲਤਾ ਨਾਲ ਜਵਾਬ ਦਿੱਤਾ: **ਨਹੀਂ ਤੂੰ ਜ਼ਰੂਰ ਹੱਸੀ ਹੈਂ।**

ਅਬਰਾਹਾਮ ਅਤੇ ਸਾਰਾਹ ਦੇ ਪ੍ਰਾਹੁਣੇ ਉਨ੍ਹਾਂ ਦੇ ਲਈ ਖੁਸ਼ ਖਬਰੀ ਲਿਆਏ ਸਨ। ਕਈ ਵਰ੍ਹਿਆਂ ਤੱਕ ਉਡੀਕ ਕਰਨ ਮਗਰੋਂ ਹੁਣ ਉਨ੍ਹਾਂ ਨੂੰ ਉਹ ਸਮਾਂ ਵੀ ਪਤਾ ਲੱਗ ਗਿਆ ਸੀ ਜਦੋਂ ਪਰਮੇਸ਼ੁਰ ਦੀ ਪ੍ਰਤਿੱਗਿਆ ਨੇ ਪੂਰਾ ਹੋਣਾ ਸੀ; ਇੱਕ ਵਰ੍ਹੇ ਦੇ ਅੰਦਰ-ਅੰਦਰ ਉਨ੍ਹਾਂ ਨੂੰ ਪੁੱਤਰ ਪ੍ਰਾਪਤ ਹੋਵੇਗਾ। ਪ੍ਰਾਹੁਣਿਆਂ ਨੇ ਜਾਣ ਤੋਂ ਪਹਿਲਾਂ ਅਬਰਾਹਾਮ ਨੂੰ ਇੱਕ ਮਾੜੀ ਖ਼ਬਰ ਵੀ ਦਿੱਤੀ: ਸਦੂਮ ਅਤੇ ਅਮੂਰਾਹ, ਉਹ ਨਗਰ ਜਿੱਥੇ ਉਸ ਦਾ ਭਤੀਜਾ ਲੂਤ ਰਹਿੰਦਾ ਸੀ, ਐਨੇ ਜ਼ਿਆਦਾ ਦੁਸ਼ਟ ਹੋ ਗਏ ਸਨ ਕਿ ਉਨ੍ਹਾਂ ਉੱਤੇ ਪਰਮੇਸ਼ੁਰ ਦਾ ਨਿਆਉਂ ਪੈਣ ਜਾ ਰਿਹਾ ਸੀ।

## ਯਹੋਵਾਹ ਅਤੇ ਦੋ ਦੂਤਾਂ ਵਿਚਕਾਰ ਗੱਲਬਾਤ (18:16–22)

**[16]ਤਦ ਉਨ੍ਹਾਂ ਮਨੁੱਖਾਂ ਨੇ ਉੱਥੋਂ ਉੱਠਕੇ ਸਦੂਮ ਵੱਲ ਮੂੰਹ ਕੀਤਾ ਅਤੇ ਅਬਰਾਹਾਮ ਉਨ੍ਹਾਂ ਨੂੰ
ਰਾਹੇ ਪਾਉਣ ਲਈ ਨਾਲ ਤੁਰ ਪਿਆ। [17]ਤਾਂ ਯਹੋਵਾਹ ਨੇ ਆਖਿਆ, ਮੈਂ ਅਬਰਾਹਾਮ ਤੋਂ ਉਹ ਜੋ
ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ? [18]ਅਬਰਾਹਾਮ ਇੱਕ ਵੱਡੀ ਅਰ ਬਲਵੰਤ ਕੌਮ ਹੋਵੇਗਾ ਅਰ
ਧਰਤੀ ਦੀਆਂ ਸਾਰੀਆਂ ਕੌਮਾਂ ਉਸ ਤੋਂ ਬਰਕਤ ਪਾਉਣਗੀਆਂ। [19]ਕਿਉਂਕਿ ਮੈਂ ਉਹ ਨੂੰ ਜਾਣ
ਲਿਆ ਹੈ ਤਾਂਜੋ ਉਹ ਆਪਣੇ ਪੁੱਤਰਾਂ ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਵੇ
ਅਤੇ ਉਹ ਧਰਮ ਅਰ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਨਾ ਕਰਨ ਅਤੇ
ਯਹੋਵਾਹ ਅਬਰਾਹਾਮ ਲਈ ਜੋ ਕੁਝ ਉਹ ਉਸ ਦੇ ਸੰਬੰਧ ਵਿੱਚ ਬੋਲਿਆ ਹੈ ਪੂਰਾ ਕਰੇ।
[20]ਉਪਰੰਤ ਯਹੋਵਾਹ ਨੇ ਆਖਿਆ, ਸਦੂਮ ਅਰ ਅਮੂਰਾਹ ਦਾ ਰੌਲਾ ਬਹੁਤ ਵਧ ਗਿਆ ਹੈ ਅਰ
ਉਨ੍ਹਾਂ ਦਾ ਪਾਪ ਵੀ ਬਹੁਤ ਭਾਰੀ ਹੈ। [21]ਤਾਂ ਮੈਂ ਉੱਤਰਕੇ ਵੇਖਾਂਗਾ ਕਿ ਉਨ੍ਹਾਂ ਨੇ ਉਸ ਰੌਲੇ ਅਨੁਸਾਰ
ਜੋ ਮੇਰੇ ਕੋਲ ਆਇਆ ਹੈ ਸਭ ਕੁਝ ਕੀਤਾ ਹੈ ਅਰ ਜੇ ਨਹੀਂ ਤਾਂ ਮੈਂ ਜਾਣਾਂਗਾ। [22]ਤਾਂ ਓਹ ਮਨੁੱਖ
ਉੱਥੋਂ ਮੁੜਕੇ ਸਦੂਮ ਵੱਲ ਤੁਰ ਪਏ ਪਰ ਅਬਰਾਹਾਮ ਅਜੇ ਤੀਕ ਯਹੋਵਾਹ ਦੇ ਸਨਮੁਖ ਖਲੋਤਾ
ਰਿਹਾ।**

**ਆਇਤ 16.** ਤਿੰਨ ਸੁਰਗੀ ਪ੍ਰਾਹੁਣੇ **ਅਬਰਾਹਾਮ** ਅਤੇ ਸਾਰਾਹ ਦੇ ਕੋਲ ਆਉਣ ਦੇ ਆਪਣੇ ਮੁੱਢਲੇ ਉਦੇਸ਼ ਦੀ ਪੂਰਤੀ ਕਰਕੇ ਹੁਣ ਅਗਾਂਹ ਵਧਣ ਲਈ ਤਿਆਰ ਸਨ। ਇੱਕ ਚੰਗੇ ਮੇਜ਼ਬਾਨ ਦੀ ਤਰ੍ਹਾਂ ਅਬਰਾਹਾਮ ਆਪਣੇ ਪ੍ਰਾਹੁਣਿਆਂ ਨੂੰ ਉਨ੍ਹਾਂ ਦੀ ਯਾਤਰਾ ਵਿੱਚ ਕੁਝ ਦੂਰ ਤੱਕ ਛੱਡਣ ਗਿਆ। ਹੋ ਸਕਦਾ ਹੈ ਕਿ ਉਨ੍ਹਾਂ ਨੇ ਹਬਰੋਨ ਦੇ ਉੱਤਰ ਦੇ ਪਹਾੜੀ ਇਲਾਕੇ ਵਿੱਚ ਤਿੰਨ ਕੁ ਮੀਲ ਦੀ ਯਾਤਰਾ ਕੀਤੀ ਹੋਵੇਗੀ, ਜਿੱਥੋਂ ਖਾਰੇ ਸਾਗਰ ਦਾ ਕੁਝ ਹਿੱਸਾ ਦਿਖਦਾ ਸੀ ਜੋ ਕਿ ਹੋਰ ਅਗਾਂਹ ਪੂਰਬ ਵਿੱਚ ਅੱਠਾਰਾਂ ਕੁ ਮੀਲ ਦੂਰ ਸੀ। ਬਿਰਤਾਂਤ ਆਖਦਾ ਹੈ ਕਿ **ਉਨ੍ਹਾਂ ਮਨੁੱਖਾਂ ਨੇ . . . ਸਦੂਮ ਵੱਲ ਮੂੰਹ ਕੀਤਾ।**

ਪੁਰਾਤਨ "ਸਦੂਮ" ਦਾ ਸਟੀਕ ਸਥਾਨ ਅਜੇ ਵੀ ਅਗਿਆਤ ਹੈ, ਪਰ ਕਈ ਲੋਕ ਮੰਨਦੇ ਹਨ ਕਿ ਇਹ ਖਾਰੇ ਸਾਗਰ ਦੇ ਦੱਖਣੀ ਸਿਰੇ 'ਤੇ ਸੀ। ਖਾਰੇ ਸਾਗਰ ਦੇ ਦੱਖਣ-ਪੂਰਬ, ਦੱਖਣ-ਪੱਛਮ ਅਤੇ ਨਾਲ ਹੀ ਇਸ ਦੇ ਉੱਤਰੀ ਅਤੇ ਦੱਖਣੀ ਸਿਰਿਆਂ 'ਤੇ ਪੁਰਾਤੱਤਵ ਖੁਦਾਈਆਂ ਕੀਤੀਆਂ

ਗਈਆਂ ਹਨ। ਹਾਲਾਂਕਿ ਕੁਝ ਖੰਡਹਰਾਂ ਦੀ ਖੋਜ ਕੀਤੀ ਗਈ ਹੈ, ਤਾਂ ਵੀ ਇਸ ਗੱਲ ਉੱਤੇ ਕੋਈ ਸਹਿਮਤੀ ਨਹੀਂ ਬਣੀ ਹੈ ਕਿ ਇਨ੍ਹਾਂ ਵਿੱਚੋਂ ਕੋਈ ਨਗਰ ਉਹ ਸਥਾਨ ਰਿਹਾ ਹੋਵੇਗਾ ਜਿੱਥੇ ਲੂਤ ਦਾ ਵਸੇਬਾ ਸੀ। ਕੁਝ ਲੋਕ ਇਹ ਵੀ ਮੰਨਦੇ ਹਨ ਕਿ ਸਦੂਮ ਦੇ ਖੰਡਹਰ ਖਾਰੇ ਸਾਗਰ ਦੇ ਪਾਣੀ ਹੇਠ ਹਨ, ਜਦਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਦੇ ਖੰਡਹਰ ਅਜੇ ਵੀ ਜ਼ਮੀਨ ਹੇਠ ਦੱਬੇ ਹੋਏ ਹਨ ਅਤੇ ਕਿਸੇ ਪੁਰਾਤੱਤਵ ਖੋਜੀ ਦੀ ਕਹੀ ਦੀ ਉਡੀਕ ਵਿੱਚ ਹਨ ਜਿਹੜੀ ਉਨ੍ਹਾਂ ਨੂੰ ਬਾਹਰ ਕੱਢੇਗੀ।[7]

**ਆਇਤ 17.** ਇਸ ਦ੍ਰਿਸ਼ ਵਿੱਚ **ਯਹੋਵਾਹ** ਨੇ ਅਬਰਾਹਾਮ ਦੇ ਨਾਲ ਨਹੀਂ ਸਗੋਂ ਉਸ ਦੇ ਬਾਰੇ ਗੱਲ ਕੀਤੀ। ਮੂਲਪਾਠ ਇਹ ਨਹੀਂ ਦੱਸਦਾ ਕਿ ਪਰਮੇਸ਼ੁਰ ਨੇ ਆਪਣੇ ਮਨ ਵਿੱਚ ਆਪਣੇ ਆਪ ਨਾਲ ਜਾਂ ਉਸ ਦੇ ਨਾਲ ਆਏ ਦੋ ਦੂਤਾਂ ਨਾਲ ਸੁਣੀ ਜਾ ਸਕਣ ਵਾਲੀ ਅਵਾਜ਼ ਵਿੱਚ ਗੱਲ ਕੀਤੀ; ਪਰ ਫਿਰ ਵੀ ਜੇਕਰ ਉਸ ਨੇ ਦੂਤਾਂ ਦੇ ਨਾਲ ਗੱਲ ਕੀਤੀ ਸੀ ਤਾਂ ਫਿਰ ਉਸ ਨੇ ਇਸ ਤਰ੍ਹਾਂ ਕੀਤੀ ਹੋਵੇਗੀ ਕਿ ਅਬਰਾਹਾਮ ਉਸ ਨੂੰ ਸੁਣ ਨਾ ਸਕਿਆ।

ਇੱਥੇ ਪਰਮੇਸ਼ੁਰ ਦਾ ਪ੍ਰਸ਼ਨ ਇਹ ਸੀ ਕਿ ਕੀ **ਮੈਂ ਅਬਰਾਹਾਮ ਤੋਂ ਉਹ ਜੋ ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ?** ਬਾਈਬਲ ਦੇ ਇਤਹਾਸ ਵਿੱਚ ਅੱਗੇ ਜਾ ਕੇ ਇਹ ਪ੍ਰਸ਼ਨ ਇੱਕ ਵਾਰੀ ਫਿਰ ਉੱਠਿਆ ਸੀ, ਪਰ ਉੱਥੇ ਇਹ ਇੱਕ ਪ੍ਰਸ਼ਨ ਨਹੀਂ ਸਗੋਂ ਇੱਕ ਪੁਸ਼ਟੀ ਵਜੋਂ ਉੱਠਿਆ ਸੀ। ਯਹੋਵਾਹ ਨੇ ਆਮੋਸ ਦੇ ਜ਼ਰੀਏ ਐਲਾਨ ਕੀਤਾ, "ਨਿਸੰਗ ਪ੍ਰਭੂ ਯਹੋਵਾਹ ਕੋਈ ਕੰਮ ਨਹੀਂ ਕਰੇਗਾ, ਜੇ ਉਹ ਆਪਣੇ ਸੇਵਕ ਨਬੀਆਂ ਨੂੰ ਆਪਣਾ ਭੇਤ ਪਰਗਟ ਨਾ ਕਰੇ" (ਆਮੋਸ 3:7)। ਇਹ ਕਥਨ ਸੁਝਾਉ ਦਿੰਦਾ ਹੈ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ (ਜਿਸ ਨੂੰ 20:7 ਵਿੱਚ "ਨਬੀ" ਆਖਿਆ ਗਿਆ ਹੈ) ਅਤੇ ਉਸ ਦੀ ਅੰਸ ਵਿੱਚੋਂ ਨਿਕਲੇ ਹੋਰ ਨਬੀਆਂ ਨੂੰ ਉਹ ਜਾਣਕਾਰੀ ਦਿੱਤੀ ਜੋ ਉਹ ਸੰਸਾਰ ਵਿੱਚ ਕਰਨ ਦੀ ਯੋਜਨਾ ਬਣਾ ਰਿਹਾ ਸੀ।

**ਆਇਤ 18.** ਯਹੋਵਾਹ ਵੱਲੋਂ **ਅਬਰਾਹਾਮ** ਨੂੰ ਆਪਣੀ ਯੋਜਨਾ ਦੱਸੇ ਜਾਣ ਦਾ ਪਹਿਲਾ ਕਾਰਣ ਉਸ ਦੀ ਨਿਯਤੀ ਸੀ: ਉਹ **ਇੱਕ ਵੱਡੀ ਅਰ ਬਲਵੰਤ ਕੌਮ ਹੋਵੇਗਾ**। ਇਹ ਕਥਨ ਉਨ੍ਹਾਂ ਕਥਨਾਂ ਦੇ ਨਾਲ ਮੇਲ ਖਾਂਦਾ ਹੈ ਜਿਹੜੇ 12:2; 13:16; 15:5; 17:4-6; ਵਿੱਚ ਦਰਜ ਕੀਤੇ ਗਏ ਹਨ, ਪਰ ਤਾਂ ਵੀ ਇਸ ਵਿੱਚ "ਬਲਵੰਤ" ਸ਼ਬਦ ਨੂੰ ਜੋੜਿਆ ਜਾਣਾ 12:2 ਵਿੱਚ ਦਿੱਤੀ ਗਈ ਮੂਲ ਪ੍ਰਤਿੱਗਿਆ ਨੂੰ ਹੋਰ ਵਧਾ ਦਿੰਦਾ ਹੈ। ਯਹੋਵਾਹ ਵੱਲੋਂ ਅਬਰਾਹਾਮ ਨੂੰ ਆਪਣੀ ਯੋਜਨਾ ਦੱਸੇ ਜਾਣ ਦਾ ਦੂਜਾ ਕਾਰਣ ਇਹ ਸੀ ਕਿ **ਧਰਤੀ ਦੀਆਂ ਸਾਰੀਆਂ ਕੌਮਾਂ ਉਸ ਤੋਂ ਬਰਕਤ ਪਾਉਣਗੀਆਂ**। ਅਸੀਂ 14:13-24 ਵਿੱਚ ਵੇਖਿਆ ਹੈ ਕਿ ਕਿਵੇਂ ਅਬਰਾਹਾਮ ਕੁਝ ਲੋਕਾਂ ਦੇ ਲਈ ਬਰਕਤ ਬਣਿਆ ਸੀ: ਸਦੂਮ ਦਾ ਰਾਜਾ ਅਤੇ ਉਸ ਦੀ ਪਰਜਾ; ਲੂਤ ਅਤੇ ਉਸ ਦਾ ਪਰਿਵਾਰ; ਤਿੰਨ ਅਮੋਰੀ ਭਰਾ; ਅਤੇ ਸ਼ਾਲੇਮ ਦਾ ਰਾਜਾ ਮਲਕਿ-ਸਿਦਕ। ਇੱਕ ਵਾਰ ਫਿਰ 18:23-33 ਵਿੱਚ ਉਹ ਉਨ੍ਹਾਂ ਲਈ ਬਰਕਤ ਬਣਨ ਜਾ ਰਿਹਾ ਸੀ ਜੋ ਦੁਸ਼ਟ ਨਗਰ ਸਦੂਮ ਵਿੱਚ ਵੱਸਦੇ ਸਨ, ਜਿਵੇਂ ਕਿ ਲੂਤ। ਉਸ ਨੇ ਉਨ੍ਹਾਂ ਦੇ ਲਈ ਵਿਚੋਲਗੀ ਕਰਕੇ ਅਜਿਹਾ ਕੀਤਾ।

**ਆਇਤ 19.** ਤਦ ਪਰਮੇਸ਼ੁਰ ਨੇ ਦੱਸਿਆ ਕਿ ਕਿਉਂ ਅਬਰਾਹਾਮ ਦਾ ਪ੍ਰਭਾਵ ਸੰਸਾਰਭਰ ਦੇ ਮਨੁੱਖਾਂ ਅਤੇ ਕੌਮਾਂ ਉੱਤੇ ਬਹੁਤ ਜ਼ਿਆਦਾ ਹੋਵੇਗਾ: **ਮੈਂ ਉਹ ਨੂੰ ਜਾਣ ਲਿਆ ਹੈ।** ਇਬਰਾਨੀ ਮੂਲਪਾਠ ਸ਼ਾਬਦਿਕ ਤੌਰ 'ਤੇ ਆਖਦਾ ਹੈ, "ਮੈਂ ਉਸ ਨੂੰ ਜਾਣ ਲਿਆ [יָדַע, *ਯਾਦਾਹ*] ਹੈ।" ਯਹੋਵਾਹ ਅਬਰਾਹਾਮ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ। *ਯਾਦਾਹ* ਸ਼ਬਦ ਦਾ ਮੁੱਢਲਾ ਅਰਥ ਹੁੰਦਾ ਹੈ ਕਿਸੇ ਵਸਤੂ ਜਾਂ ਵਿਅਕਤੀ ਨੂੰ "ਜਾਣਨਾ" ਫਿਰ ਭਾਵੇਂ ਇਹ ਜਾਣਕਾਰੀ ਕਿੰਨੀ ਵੀ ਬੁਨਿਆਦੀ ਜਾਂ ਫਿਰ ਕਿੰਨੀ ਵੀ ਵਿਸਤ੍ਰਿਤ ਕਿਉਂ ਨਾ ਹੋਵੇ। ਇਸ ਦਾ ਡੂੰਘਾ ਅਰਥ ਨਿੱਜੀ ਜਾਣਕਾਰੀ ਤੋਂ ਹੈ, ਜਿਵੇਂ ਕਿ ਪਰਮੇਸ਼ੁਰ ਅਤੇ ਉਸ ਦੀ ਪਰਜਾ ਵਿਚਕਾਰਲੇ ਸੰਬੰਧ ਦੇ ਨਾਲ ਹੁੰਦਾ

ਹੈ। ਅਜਿਹਾ ਸੰਬੰਧ ਤਦ ਸੰਭਵ ਹੋ ਜਾਂਦਾ ਹੈ ਜਦ ਲੋਕ ਪਰਮੇਸ਼ੁਰ ਦੇ ਹਿਰਦੇ ਦੇ ਨਾਲ-ਨਾਲ ਉਸ ਦੀ ਸ਼ਰਾ ਨੂੰ ਜਾਣ ਜਾਂਦੇ ਹਨ (ਕਹਾਉਤਾਂ 2:5; ਯਸਾਯਾਹ 11:2; 58:2; ਯਿਰਮਿਯਾਹ 22:16; ਹੋਸ਼ੇਆ 4:1, 6; 6:6)। ਬਾਅਦ ਵਿੱਚ *ਯਾਦਾਹ* ਦੀ ਵਰਤੋਂ ਪਤੀ ਅਤੇ ਪਤਨੀ ਦੀ ਆਪਸੀ ਪ੍ਰੇਮ ਭਰੀ ਜਾਣਕਾਰੀ ਦੇ ਲਈ ਵੀ ਕੀਤੀ ਗਈ ਹੈ ਅਤੇ ਇਸ ਕਰਕੇ ਉਤਪਤ ਦੀ ਪੁਸਤਕ ਵਿੱਚ ਪਤੀ-ਪਤਨੀ ਵਿਚਕਰਾਲੇ ਸਰੀਰਕ ਸੰਬੰਧਾਂ ਦੇ ਲਈ ਇਸ ਦੀ ਵਰਤੋਂ ਇੱਕ ਭੱਦਰ ਸ਼ਬਦ ਵਜੋਂ ਕੀਤੀ ਗਈ ਹੈ (4:1, 17, 25; 19:8; 24:16; 38:26)।

ਕੁਝ ਅਨੁਵਾਦ (NASB; NIV; NRSV) ਇਸ ਆਇਤ ਵਿੱਚ *ਯਾਦਾਹ* ਦਾ ਅਨੁਵਾਦ “ਚੁਣਿਆ” ਵਜੋਂ ਕਰਦੇ ਹਨ, ਹਾਲਾਂਕਿ ਹਾਸ਼ੀਏ ਵਿੱਚ ਉਹ ਇਹ ਜ਼ਰੂਰ ਲਿਖਦੇ ਹਨ ਕਿ ਇਸ ਸ਼ਬਦ ਦਾ ਸ਼ਾਬਦਿਕ ਅਰਥ “ਜਾਣਨਾ” ਹੈ। ਆਇਤ 19 ਵਿੱਚ *ਯਾਦਾਹ* ਦਾ ਅਨੁਵਾਦ “ਚੁਣਿਆ” ਕੀਤਾ ਜਾਣਾ ਸਹੀ ਨਹੀਂ ਜਾਪਦਾ ਕਿਉਂਕਿ ਇਸ ਦਾ ਇਹ ਗਲਤ ਅਰਥ ਕੱਢਿਆ ਜਾਂਦਾ ਰਿਹਾ ਹੈ ਕਿ ਪਰਮੇਸ਼ੁਰ ਆਪਣੀ ਮਰਜ਼ੀ ਨਾਲ ਅਤੇ ਬਿਨਾ ਕਿਸੇ ਸ਼ਰਤ ਦੇ ਕੁਝ ਲੋਕਾਂ ਨੂੰ ਮੁਕਤੀ ਦੇ ਲਈ ਚੁਣ ਲੈਂਦਾ (ਮਨੋਨੀਤ ਕਰ ਲੈਂਦਾ) ਹੈ, ਜਦਕਿ ਜਿਨ੍ਹਾਂ ਨੂੰ ਚੁਣਿਆ ਨਹੀਂ ਜਾਂਦਾ ਉਨ੍ਹਾਂ ਨੂੰ ਇਸ ਮਸਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਚੋਣ ਕਰਨ ਦੇ ਅਧਿਕਾਰ ਤੋਂ ਬਿਨਾ ਹੀ ਸਦੀਪਕ ਸਜ਼ਾ ਵਿੱਚ ਘੱਲ ਦਿੱਤਾ ਜਾਂਦਾ ਹੈ।[8] ਨਿਰਸੰਦੇਹ 18:19 ਦੇ ਵਿਸ਼ੇ ਦਾ ਅਬਰਾਹਾਮ ਦੀ ਰੱਬੀ ਚੋਣ (ਮਨੋਨੀਤ ਕੀਤੇ ਜਾਣ) ਦਾ ਉਸ ਦੀ ਨਿੱਜੀ ਮੁਕਤੀ ਦੇ ਨਾਲ ਕੋਈ ਸੰਬੰਧ ਨਹੀਂ ਹੈ। ਲੇਖਕ ਤਾਂ ਇਸ ਗੱਲ ਉੱਤੇ ਜ਼ੋਰ ਦੇ ਰਿਹਾ ਸੀ ਕਿ ਪਰਮੇਸ਼ੁਰ ਅਬਰਾਹਾਮ ਨੂੰ ਚੰਗੀ ਤਰ੍ਹਾਂ ਜਾਣਦਾ (*ਯਾਦਾਹ*) ਸੀ ਅਤੇ ਉਸ ਦੇ ਨਾਲ ਉਸ ਦਾ ਵਿਅਕਤੀਗਤ ਸੰਬੰਧ ਸੀ, ਜਿਸ ਦਾ ਮੁੱਖ ਉਦੇਸ਼ ਇਹ ਸੀ ਕਿ ਉਹ ਇੱਕ ਰੱਬੀ ਮਿਸ਼ਨ ਜਾਂ ਉਦੇਸ਼ ਦੀ ਪੂਰਤੀ ਕਰੇਗਾ।[9]

ਯਹੋਵਾਹ ਨੇ ਅਬਰਾਹਾਮ ਦੇ ਮਿਸ਼ਨ ਦੇ ਪਹਿਲੇ ਹਿੱਸੇ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਉਹ ਅਬਰਾਹਾਮ ਅਤੇ ਸਾਰਾਹ ਦੇ ਅੰਦਰ ਇਹ ਵਿਸ਼ਵਾਸ ਪੈਦਾ ਕਰ ਰਿਹਾ ਸੀ ਕਿ ਉਸ ਦੇ ਨਾਲ ਅਸੰਭਵ ਕੰਮ ਵੀ ਸੰਭਵ ਹੋ ਜਾਂਦਾ ਹੈ। ਅਰਥਾਤ ਇਹ ਕਿ ਉਹ ਆਪਣੇ ਬੁਢਾਪੇ ਵਿੱਚ ਵੀ ਪ੍ਰਤਿੱਗਿਆ ਕੀਤੇ ਹੋਏ ਪੁੱਤਰ ਨੂੰ ਜਨਮ ਦੇ ਸਕਦੇ ਸਨ। ਅਰੰਭ ਵਿੱਚ ਉਨ੍ਹਾਂ ਦੋਹਾਂ ਨੂੰ ਵਿਸ਼ਵਾਸ ਕਰਨ ਵਿੱਚ ਸੰਘਰਸ਼ ਹੋ ਰਿਹਾ ਸੀ ਅਤੇ ਇਹ ਸੁਣ ਕੇ ਹੀ ਅਵਿਸ਼ਵਾਸ ਦੇ ਕਾਰਣ ਉਹ ਦੋਵੇਂ ਹੱਸ ਪਏ ਸਨ; ਪਰ ਫਿਰ ਵੀ ਉਨ੍ਹਾਂ ਦੇ ਸੰਦੇਹਾਂ ਉੱਤੇ ਫਤਿਹ ਪ੍ਰਾਪਤ ਕਰਨ ਲਈ ਪਰਮੇਸ਼ੁਰ ਉਨ੍ਹਾਂ ਦੀ ਮਦਦ ਕਰਦਾ ਰਿਹਾ। ਆਖਿਰਕਾਰ ਬਾਈਬਲ ਦਾ ਬਿਰਤਾਂਤ ਦੱਸਦਾ ਹੈ ਕਿ ਉਨ੍ਹਾਂ ਨੇ “ਨਿਹਚਾ ਵਿੱਚ ਤਕੜਿਆਂ ਹੋ ਕੇ” (ਰੋਮੀਆਂ 4:18-21) ਉਨ੍ਹਾਂ ਨੇ ਵਿਸ਼ਵਾਸ ਕਰ ਲਿਆ ਕਿ ਯਹੋਵਾਹ ਦੇ ਲਈ ਕੋਈ ਗੱਲ ਔਖੀ ਨਹੀਂ ਹੈ (18:14)।

ਅਬਰਾਹਾਮ ਦੇ ਮਿਸ਼ਨ ਦਾ ਦੂਜਾ ਹਿੱਸਾ ਉਸ ਦੇ ਇੱਕ ਸਿੱਖਿਅਕ ਬਣਨ ਉੱਤੇ ਕੇਂਦਰਿਤ ਸੀ। ਇਹ ਉਸ ਦੀ ਜ਼ਿੰਮੇਵਾਰੀ ਸੀ ਕਿ **ਉਹ ਆਪਣੇ ਪੁੱਤਰਾਂ ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਵੇ ਅਤੇ ਉਹ ਧਰਮ ਅਰ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਨਾ ਕਰਨ** (ਵੇਖੋ ਯਸਾਯਾਹ 1:10-17; ਹੋਸ਼ੇਆ 6:4-6; ਆਮੋਸ 5:21-24; ਮੀਕਾਹ 6:6-8)। ਸਾਨੂੰ ਇਸ ਤੋਂ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਸਮਾਜ ਦਾ ਬੁਨਿਆਦੀ ਢਾਂਚਾ ਪਰਿਵਾਰ ਹੈ ਅਤੇ ਇਸੇ ਕਰਕੇ ਪ੍ਰਭੂ ਨੇ ਥਾਪਿਆ ਹੈ ਕਿ ਮੁੱਢਲੀ ਸਿੱਖਿਆ ਦਾ ਸੰਸਥਾਨ ਇਹੋ ਹੋਣਾ ਚਾਹੀਦਾ ਹੈ। ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਪਰਮੇਸ਼ੁਰ ਦੇ ਅਰੰਭ ਹੋਣ ਵਾਲੇ ਆਤਮਕ ਅਤੇ ਨੈਤਿਕ ਵਿਰਸੇ ਨੂੰ ਉਹ ਹਰੇਕ ਨਵੀਂ ਪੀੜ੍ਹੀ ਦੇ ਸਪੁਰਦ ਕਰਨ (ਬਿਵਸਥਾ ਸਾਰ 6:1-9; ਅਫ਼ਸੀਆਂ 6:1-4)। ਪਰ ਇਹ ਵੀ ਹੈਰਾਨੀਜਨਕ ਗੱਲ ਪ੍ਰਤੀਤ ਹੋ ਸਕਦੀ ਹੈ ਕਿ ਝੂਠੇ ਦਿਉਤਿਆਂ ਦੀ ਮੂਰਤੀ ਪੂਜਾ ਕਰਨ ਵਾਲੇ ਸੰਸਾਰ ਦੇ ਵਿੱਚ ਪਰਮੇਸ਼ੁਰ ਨੇ ਮੁੱਢਲਾ ਜ਼ੋਰ ਉਸ ਦੀ “ਯਹੋਵਾਹ” ਵਜੋਂ ਅਰਾਧਨਾ

ਕਰਨ ਉੱਤੇ ਨਾ ਦੇ ਕੇ "ਧਰਮ ਅਰ ਨਿਆਉਂ" ਦੇ ਕੰਮ ਕਰਨ ਉੱਤੇ ਦਿੱਤਾ। ਪਰਮੇਸ਼ੁਰ ਦੀ ਅਰਾਧਨਾ ਨੂੰ ਤਾਂ ਉਸ ਨੇ ਸੁਭਾਵਕ ਹੀ ਸਮਝਿਆ ਹੋਵੇਗਾ, ਕਿਉਂਕਿ ਅਬਰਾਹਾਮ ਮੂਰਤੀਪੂਜਾ ਛੱਡ ਚੁੱਕਾ ਸੀ ਅਤੇ ਅੱਧੀ ਸਦੀ ਤੋਂ ਵੀ ਵਧ ਸਮੇਂ ਤੋਂ ਸਿਰਫ ਯਹੋਵਾਹ ਦੀ ਹੀ ਅਰਾਧਨਾ ਕਰਦਾ ਆ ਰਿਹਾ ਸੀ।

ਪਰਮੇਸ਼ੁਰ ਦੀ ਇਸ ਗੱਲ ਦਾ ਆਖਰੀ ਹਿੱਸਾ ਸਾਫ ਤੌਰ 'ਤੇ ਦਰਸਾਉਂਦਾ ਹੈ ਕਿ ਯਹੋਵਾਹ ਵੱਲੋਂ ਅਬਰਾਹਾਮ ਨੂੰ ਦਿੱਤੀਆਂ ਗਈਆਂ ਪ੍ਰਤਿੱਗਿਆਵਾਂ ਕੁਝ ਲੋਕਾਂ ਦੀ ਮਾਨਤਾ ਦੇ ਬਿਲਕੁਲ ਉਲਟ ਸ਼ਰਤਾਂ ਉੱਤੇ ਅਧਾਰਿਤ ਸਨ। ਉਨ੍ਹਾਂ ਦੀ ਪੂਰਤੀ ਅਬਰਾਹਾਮ ਦੀ ਆਗਿਆਕਾਰੀ ਨਿਹਚਾ ਦੇ ਕਾਰਣ ਹੋਣੀ ਸੀ। ਅਬਰਾਹਾਮ "ਯਹੋਵਾਹ ਦੇ ਰਾਹ ਦੀ ਪਾਲਨਾ" ਕਰਦਾ ਆ ਰਿਹਾ ਸੀ (ਵੇਖੋ 22:15-18; 26:5; ਰੋਮੀਆਂ 4:16)। ਅਜਿਹਾ ਹੋਣਾ ਲਾਜ਼ਮੀ ਸੀ ਤਾਂ ਜੋ **ਯਹੋਵਾਹ ਅਬਰਾਹਾਮ ਲਈ ਜੋ ਕੁਝ ਉਹ ਉਸ ਦੇ ਸੰਬੰਧ ਵਿੱਚ ਬੋਲਿਆ ਹੈ ਪੂਰਾ ਕਰੇ** [ਕਰ ਸਕੇ]। ਧਰਤੀ ਦੇ ਸਾਰੇ ਘਰਾਣਿਆਂ ਨੂੰ ਅਸੀਸ ਦੇਣ ਦੀ ਪਰਮੇਸ਼ੁਰ ਦੀ ਯੋਜਨਾ (12:3) ਦਾ ਅਰੰਭ ਅਬਰਾਹਾਮ ਤੋਂ ਹੋਣਾ ਸੀ। ਬਦਲੇ ਵਿੱਚ ਉਸ ਦੀ ਜ਼ਿੰਮੇਵਾਰੀ ਇਹ ਸੀ ਕਿ ਉਹ ਪਰਮੇਸ਼ੁਰ ਦੀ ਇੱਛਾ ਨੂੰ ਆਪਣੇ ਪਰਿਵਾਰ ਨੂੰ ਸਿਖਾਵੇ। ਉਸ ਦੀ ਅੰਸ ਨੇ ਫਿਰ ਇਸ ਨੂੰ ਆਪਣੇ-ਆਪਣੇ ਪਰਿਵਾਰਾਂ ਨੂੰ ਸਿਖਾਉਣਾ ਸੀ; ਅਤੇ ਆਖਿਰਕਾਰ ਅਬਰਾਹਾਮ ਦੀ ਅੰਸ – ਇਸਰਾਏਲ ਦੀ ਪਰਜਾ – ਨੇ ਉਹ ਜ਼ਰੀਆ ਬਣਨਾ ਸੀ ਜਿਸ ਦੇ ਰਾਹੀਂ ਪਰਮੇਸ਼ੁਰ ਦਾ ਗਿਆਨ ਸਾਰੇ ਸੰਸਾਰ ਵਿੱਚ ਫੈਲੇ (ਕੂਚ 19:4-6; ਯਸਾਯਾਹ 42:6; 49:6)।

**ਆਇਤ 20. ਯਹੋਵਾਹ** ਨੇ ਆਪਣੇ ਪ੍ਰਸ਼ਨ ਦਾ ਉੱਤਰ ਆਪ ਦਿੱਤਾ। ਜੇਕਰ ਉਸ ਨੇ ਪਹਿਲਾਂ ਇਸ ਤਰੀਕੇ ਨਾਲ ਨਹੀਂ ਬੋਲਿਆ ਸੀ ਕਿ ਅਬਰਾਹਾਮ ਉਸ ਨੂੰ ਸੁਣ ਸਕਦਾ, ਤਾਂ ਨਿਸ਼ਚਿਤ ਤੌਰ 'ਤੇ ਇਸ ਵਾਰ ਉਸ ਨੇ ਐਨਾ ਉੱਚੀ ਜ਼ਰੂਰ ਬੋਲਿਆ ਸੀ ਕਿ ਉਹ ਉਸ ਨੂੰ ਸੁਣਦਾ। ਉਸ ਨੇ ਆਖਿਆ, **ਸਦੂਮ ਅਰ ਅਮੂਰਾਹ ਦਾ ਰੌਲਾ ਬਹੁਤ ਵਧ ਗਿਆ ਹੈ ਅਰ ਉਨ੍ਹਾਂ ਦਾ ਪਾਪ ਵੀ ਬਹੁਤ ਭਾਰੀ ਹੈ।** "ਰੌਲਾ" ਸ਼ਾਇਦ ਉਨ੍ਹਾਂ ਲੋਕਾਂ ਦੀਆਂ ਪੁਕਾਰਾਂ ਅਤੇ ਬੇਨਤੀਆਂ ਦਾ ਹਵਾਲਾ ਹੈ ਜੋ ਦੁਸ਼ਟ ਅੱਤਿਆਚਾਰੀਆਂ ਦੇ ਹੱਥੋਂ ਅੱਚਿਆਚਾਰ ਅਤੇ ਨਾਇਨਸਾਫੀ ਸਹਿ ਰਹੇ ਸਨ (ਵੇਖੋ ਕੂਚ 2:23; 3:7, 9; ਬਿਵਸਥਾ ਸਾਰ 26:7; ਨਿਆਈਆਂ 10:12; ਨਹਮਯਾਹ 9:9; ਅੱਯੂਬ 34:28; ਜ਼ਬੂਰ 9:12; ਕਹਾਉਤਾਂ 21:13)। ਬਾਅਦ ਵਿੱਚ ਨਬੀਆਂ ਨੇ ਇਸਰਾਏਲ ਅਤੇ ਯਹੂਦਾਹ ਦੀਆਂ ਪਾਤਸ਼ਾਹੀਆਂ ਵੱਲੋਂ ਕੀਤੀ ਜਾਣ ਵਾਲੀ ਸਮਾਜਕ ਨਾਇਨਸਾਫੀ ਦੀ ਤੁਲਨਾ ਪੁਰਾਤਨ ਸਦੂਮ ਅਤੇ ਅਮੂਰਾਹ ਦੇ ਨਾਲ ਕੀਤੀ (ਯਸਾਯਾਹ 1:3, 4, 9, 10, 21-23; ਹਿਜ਼ਕੀਏਲ 16:46-49; ਆਮੋਸ 4:1, 11)। ਨਵੇਂ ਨੇਮ ਵਿੱਚ ਅਜਿਹਾ ਕੁਝ ਵੀ ਨਹੀਂ ਆਖਿਆ ਗਿਆ ਹੈ ਕਿ ਲੂਤ ਨੇ ਸਦੂਮ ਦੇ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਪਾਪ ਅਤੇ ਅਪਰਾਧਾਂ ਲਈ ਯਹੋਵਾਹ ਨੂੰ ਕਦੇ ਪੁਕਾਰਿਆ ਸੀ। ਤਾਂ ਵੀ ਪਤਰਸ ਨੇ ਐਨਾ ਜ਼ਰੂਰ ਲਿਖਿਆ ਕਿ ਉਨ੍ਹਾਂ ਦੇ ਜੀਵਨ ਕੁਧਰਮ, ਲੁੱਚਪੁਣੇ ਅਤੇ ਭੈੜੇ ਕੰਮਾਂ ਨਾਲ ਭਰੇ ਹੋਏ ਸਨ; ਅਤੇ ਉਸ ਨੇ ਲਿਖਿਆ ਕਿ ਇਨ੍ਹਾਂ ਕੰਮਾਂ ਦੇ ਕਾਰਣ ਧਰਮੀ ਪੁਰਖ ਲੂਤ ਦੀ ਜਾਨ ਦਿਨੋ ਦਿਨ ਦੁਖੀ ਹੁੰਦੀ ਸੀ (2 ਪਤਰਸ 2:6-8)।

**ਆਇਤ 21.** "ਸਦੂਮ ਅਤੇ ਅਮੂਰਾਹ ਦਾ ਰੌਲਾ" ਸੁਣ ਕੇ (18:20) ਪਰਮੇਸ਼ੁਰ ਨੇ ਫੈਸਲਾ ਲਿਆ ਕਿ **ਮੈਂ ਉੱਤਰਕੇ ਵੇਖਾਂਗਾ ਕਿ ਉਨ੍ਹਾਂ ਨੇ ਉਸ ਰੌਲੇ ਅਨੁਸਾਰ ਜੋ ਮੇਰੇ ਕੋਲ ਆਇਆ ਹੈ ਸਭ ਕੁਝ ਕੀਤਾ ਹੈ** (ਵੇਖੋ 4:10; 11:5, 7; 19:13)। ਉਸ ਨੇ ਆਖਿਆ **ਜੇ ਨਹੀਂ ਤਾਂ ਮੈਂ ਜਾਣਾਂਗਾ** ਕਿ ਇਸ ਮਸਲੇ ਦੀ ਸਚਿਆਈ ਕੀ ਹੈ। ਪਰਮੇਸ਼ੁਰ ਚਾਹੁੰਦਾ ਸੀ ਕਿ ਅਬਰਾਹਾਮ ਇਸ ਗੱਲ ਨੂੰ ਸਮਝ ਲਵੇ ਭਈ ਪਰਮੇਸ਼ੁਰ ਸੁਣੀ-ਸੁਣਾਈ ਗੱਲ ਉੱਤੇ ਜਾਂ ਸਦੂਮ ਅਤੇ ਅਮੂਰਾਹ ਬਾਰੇ ਪੂਰਵ ਨਿਰਧਾਰਿਤ ਵਿਚਾਰਾਂ ਦੇ ਅਧਾਰ 'ਤੇ ਕੰਮ ਨਹੀਂ ਕਰੇਗਾ। ਸਗੋਂ ਉਹ ਆਪ ਜਾ ਕੇ ਤੱਥ ਵੇਖੇਗਾ

ਅਤੇ ਪਤਾ ਕਰੇਗਾ ਕਿ ਇਹ ਰੌਲਾ ਉਨ੍ਹਾਂ ਦੇ ਅਪਰਾਧਾਂ ਅਤੇ ਅੱਤਿਆਚਾਰ ਦੇ ਨਾਲ ਮੇਲ ਖਾਂਦਾ ਹੈ ਜਾਂ ਨਹੀਂ। ਹਾਂ ਇਹ ਵੀ ਸੱਚ ਹੈ ਕਿ ਪਰਮੇਸ਼ੁਰ ਵੱਲੋਂ ਆਪ ਉਤਰ ਕੇ ਹਾਲਾਤ ਵੇਖਣ ਨੂੰ ਸ਼ਾਬਦਿਕ ਨਹੀਂ ਲਿਆ ਜਾ ਸਕਦਾ ਕਿਉਂਕਿ ਯਹੋਵਾਹ ਮਨੁੱਖਾਂ ਵਾਂਗ ਸਥਾਨ ਅਤੇ ਸਮੇਂ ਦੀਆਂ ਹੱਦਾਂ ਵਿੱਚ ਬੱਝਿਆ ਹੋਇਆ ਨਹੀਂ ਹੈ (ਜ਼ਬੂਰ 139:7-12)। ਉਹ ਹਰ ਵੇਲੇ ਵੇਖਦਾ ਅਤੇ ਜਾਣਦਾ ਹੈ ਕਿ ਲੋਕ ਕੀ ਕਰ ਰਹੇ ਹਨ ਅਤੇ ਕਿਸ ਤਰ੍ਹਾਂ ਦਾ ਜੀਵਨ ਜੀ ਰਹੇ ਹਨ (ਕਹਾਉਤਾਂ 15:3; ਯਿਰਮਿਯਾਹ 23:24; ਇਬਰਾਨੀਆਂ 4:13)।

**ਆਇਤ 22.** ਉਸ ਵੇਲੇ **ਓਹ ਮਨੁੱਖ** [ਸੁਰਗ ਦੂਤ] **ਉੱਥੋਂ ਮੁੜਕੇ ਸਦੂਮ ਵੱਲ ਤੁਰ ਪਏ ਪਰ ਅਬਰਾਹਾਮ ਅਜੇ ਤੀਕ ਯਹੋਵਾਹ ਦੇ ਸਨਮੁਖ ਖਲੋਤਾ ਰਿਹਾ**। ਯਹੂਦੀ ਪਰੰਪਰਾ ਦੇ ਅਨੁਸਾਰ ਇਹ ਆਇਤ ਇਬਰਾਨੀ ਬਾਈਬਲ ਦੀਆਂ ਉਨ੍ਹਾਂ ਅੱਠਾਰਾਂ ਆਇਤਾਂ ਵਿੱਚੋਂ ਇੱਕ ਹੈ ਜਿਸ ਨੂੰ ਸ਼ਾਸਤਰੀਆਂ ਦੁਆਰਾ ਸੰਪਾਦਿਤ ਕੀਤਾ ਗਿਆ ਸੀ ਕਿਉਂਕਿ ਇਸ ਵਿੱਚ ਜੋ ਲਿਖਿਆ ਗਿਆ ਹੈ ਉਸ ਨੂੰ ਬੇਅਦਬੀ ਭਰਿਆ ਮੰਨਿਆ ਜਾਂਦਾ ਹੈ। ਇਹ ਪਰੰਪਰਾ ਦਾਅਵਾ ਕਰਦੀ ਹੈ ਕਿ ਇਸ ਆਇਤ ਦਾ ਦੂਜਾ ਹਿੱਸਾ ਅਸਲ ਵਿੱਚ ਇਸ ਤਰ੍ਹਾਂ ਸੀ: "ਜਦਕਿ *ਯਹੋਵਾਹ* ਅਜੇ ਵੀ *ਅਬਰਾਹਾਮ* ਦੇ ਸਾਹਮਣੇ ਖਲੋਤਾ ਰਿਹਾ" (ਵੇਖੋ NAB; NJB; TEV; NCV; CEV; NLT)।[10] ਪਰ ਫਿਰ ਵੀ ਸੰਭਵ ਹੈ ਕਿ ਇਸ ਆਇਤ ਵਿੱਚ ਕੋਈ ਬਦਲਾਉ ਨਹੀਂ ਕੀਤਾ ਗਿਆ ਹੈ ਕਿਉਂਕਿ ਇਹ ਕਥਨ MT ਵਿੱਚ 18:22 ਅਤੇ 19:27 ਵਿੱਚ ਇਸੇ ਤਰ੍ਹਾਂ ਦਿਖਾਈ ਦਿੰਦਾ ਹੈ। ਬਾਅਦ ਵਾਲਾ ਸੰਦਰਭ ਆਖਦਾ ਹੈ ਕਿ "ਅਬਰਾਹਾਮ ਸਵੇਰੇ ਹੀ ਉੱਠਕੇ ਉਸ ਥਾਂ ਨੂੰ ਜਿੱਥੇ *ਉਹ ਯਹੋਵਾਹ ਦੇ ਸਨਮੁਖ ਖੜਾ ਹੋਇਆ ਸੀ* ਗਿਆ" (ਜ਼ੋਰ ਦਿੱਤਾ ਗਿਆ ਹੈ)।

"ਸਨਮੁਖ ਖੜਾ ਹੋਣਾ" ਪੁਰਾਣੇ ਨੇਮ ਵਿੱਚ ਇੱਕ ਆਮ ਭਾਵ ਹੈ। ਪਰਮੇਸ਼ੁਰ ਦੇ "ਸਨਮੁਖ ਖੜਾ" ਹੋਣਾ ਕਦੇ-ਕਦੇ ਉਸ ਦੀ ਅਰਾਧਨਾ ਕਰਨ ਨੂੰ (ਯਿਰਮਿਯਾਹ 7:10), ਉਸ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨ ਨੂੰ (ਬਿਵਸਥਾ ਸਾਰ 19:17; 29:14, 15) ਜਾਂ ਉਸ ਦੀ ਸੇਵਾ-ਉਪਾਸਨਾ ਕਰਨ ਨੂੰ (1 ਰਾਜਿਆਂ 17:1; 18:15; 2 ਰਾਜਿਆਂ 3:14; 5:16) ਵੀ ਦਰਸਾਉਂਦਾ ਹੈ। ਇੱਥੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਵੱਖਰੇ ਤਰੀਕੇ ਨਾਲ ਕੀਤੀ ਗਈ ਹੈ, ਜੋ ਇੱਕ ਨਬੀ ਦੀ ਵਿਚੋਲਗੀ ਦੀ ਸੇਵਾ ਨੂੰ ਦਰਸਾਉਂਦਾ ਹੈ।

ਕਈ ਵਰ੍ਹੇ ਬਾਅਦ ਯਹੋਵਾਹ ਨੇ ਯਿਰਮਿਯਾਹ ਨੂੰ ਆਖਿਆ, "ਭਾਵੇਂ ਮੂਸਾ ਅਤੇ ਸਮੂਏਲ ਮੇਰੇ ਸਨਮੁੱਖ ਖੜੇ ਹੁੰਦੇ ਤਾਂ ਵੀ ਮੇਰਾ ਜੀ ਏਸ ਪਰਜਾ ਵੱਲ ਨਾ ਝੁਕਦਾ" (ਯਿਰਮਿਯਾਹ 15:1)। ਬਾਅਦ ਵਿੱਚ ਇਸੇ ਅਧਿਆਇ ਵਿੱਚ ਯਿਰਮਿਯਾਹ ਇਕੱਲਾ ਬੈਠਾ ਸੀ; ਉਹ ਗੁੱਸੇ ਅਤੇ ਤਣਾਉ ਵਿੱਚ ਸੀ ਕਿਉਂਕਿ ਪਰਮੇਸ਼ੁਰ ਦੇ ਲੋਕਾਂ ਨੇ ਉਸ ਦੇ ਸੰਦੇਸ਼ ਨੂੰ ਰੱਦ ਦਿੱਤਾ ਸੀ ਅਤੇ ਉਸ ਨੂੰ ਸਤਾਇਆ ਸੀ। ਪਰੇਸ਼ਾਨ ਹੋ ਕੇ ਉਹ ਪਰਮੇਸ਼ੁਰ ਉੱਤੇ ਕ੍ਰੋਧਿਤ ਹੋ ਗਿਆ ਅਤੇ ਉਸ ਉੱਤੇ ਝੂਠਾ ਇਲਜ਼ਾਮ ਲਗਾਉਂਦਿਆਂ ਉਸ ਨੂੰ "ਉਨ੍ਹਾਂ ਪਾਣੀਆਂ ਵਾਂਙੁ ਜਿਹੜੇ ਠਹਿਰਦੇ ਨਹੀਂ" ਆਖਿਆ (ਯਿਰਮਿਯਾਹ 15:18), ਪਰ ਅਸਲ ਵਿੱਚ ਪਰਮੇਸ਼ੁਰ ਨੇ ਇਸ ਨਬੀ ਨੂੰ ਧੋਖਾ ਨਹੀਂ ਦਿੱਤਾ ਸੀ। ਅਸਲ ਵਿੱਚ ਜਦ ਪਰਮੇਸ਼ੁਰ ਨੇ ਉਸ ਨੂੰ ਆਪਣਾ ਬੁਲਾਰਾ ਹੋਣ ਲਈ ਸੱਦਿਆ ਸੀ, ਤਾਂ ਯਹੋਵਾਹ ਨੇ ਉਸ ਨੂੰ ਸਾਫ-ਸਾਫ ਆਖ ਦਿੱਤਾ ਸੀ ਕਿ ਇਸਰਾਏਲੀ ਕੌਮ ਦੇ ਆਗੂ ਅਤੇ ਪਰਜਾ ਉਸ ਦੇ ਪ੍ਰਚਾਰ ਦਾ ਵਿਰੋਧ ਕਰਨਗੇ ਅਤੇ ਉਸ ਦੇ ਵਿਰੁੱਧ ਲੜਣਗੇ। ਪਰ ਅਜਿਹੇ ਵਿਰੋਧ ਦੇ ਬਾਵਜੂਦ ਵੀ ਪਰਮੇਸ਼ੁਰ ਨੇ ਆਪਣੇ ਦਾਸ ਨੂੰ ਪ੍ਰਤਿੱਗਿਆ ਦਿੱਤੀ ਸੀ: "ਮੈਂ ਤੈਨੂੰ ਛੁਡਾਉਣ ਲਈ ਤੇਰੇ ਅੰਗ ਸੰਗ ਜੋ ਹਾਂ" (ਯਿਰਮਿਯਾਹ 1:8, 17-19), ਅਤੇ ਉਸ ਨੇ ਹਰੇਕ ਸੰਕਟ ਵਿੱਚੋਂ ਉਸ ਨੂੰ ਬਚਾਇਆ। ਇਸ ਕਰਕੇ ਯਹੋਵਾਹ ਨੇ ਯਿਰਮਿਯਾਹ ਨੂੰ ਤਾਗੀਦ ਕੀਤੀ, "ਜੇ ਤੂੰ ਮੁੜੇਂ ਤਾਂ ਮੈਂ ਤੈਨੂੰ ਮੋੜ ਲਿਆਵਾਂਗਾ, ਭਈ ਤੂੰ ਮੇਰੇ ਸਨਮੁਖ ਖਲੋ ਸੱਕੇਂ" (ਯਿਰਮਿਯਾਹ 15:19)। ਕਹਿਣ ਦਾ ਭਾਵ

ਇਹ ਹੈ ਕਿ ਜੇਕਰ ਉਹ ਉਸ ਇਲਜ਼ਾਮ ਤੋਂ ਤੋਬਾ ਕਰ ਲੈਂਦਾ ਹੈ ਜਿਹੜਾ ਉਸ ਨੇ ਪਰਮੇਸ਼ੁਰ ਉੱਤੇ ਲਗਾਇਆ ਸੀ, ਤਾਂ ਉਸ ਦੀ ਨਬੂਵਤ ਦੀ ਸੇਵਾ ਜਾਰੀ ਰਹੇਗੀ ਅਤੇ ਉਹ ਪਰਮੇਸ਼ੁਰ ਦੇ ਭਟਕੇ ਹੋਏ ਲੋਕਾਂ ਦੇ ਲਈ ਵਿਚੋਲਗੀ ਕਰ ਸਕੇਗਾ।

18:22 ਵਿੱਚ ਅਬਰਾਹਾਮ ਦਾ ਯਹੋਵਾਹ ਦੇ ਸਾਹਮਣੇ ਖੜਾ ਹੋਣਾ ਯਹੂਦਾਹ ਦੀ ਪਾਤਸ਼ਾਹੀ ਦੇ ਆਖਰੀ ਵਰ੍ਹਿਆਂ ਵੇਲੇ ਇਸ ਨਬੀ ਦੀ ਸੇਵਾ ਦੇ ਸਮਾਨ ਸੀ। ਇਹ ਇੱਕ ਜ਼ਰੂਰੀ ਸੇਵਾ ਸੀ, ਪਰ ਇਸ ਵਿੱਚ ਉਹ ਸਾਰੀ ਖੁਣਸ, ਸ਼ਿਕਾਇਤ ਅਤੇ ਝੂਠੇ ਇਲਜ਼ਾਮ ਨਹੀਂ ਸਨ ਜਿਹੜੇ ਯਿਰਮਿਯਾਹ ਨੇ ਪਰਮੇਸ਼ੁਰ ਉੱਤੇ ਲਗਾਏ ਸਨ। ਪਰ ਫਿਰ ਵੀ ਇਨ੍ਹਾਂ ਦੋਹਾਂ ਵਿਅਕਤੀਆਂ ਨੂੰ ਔਖੇ ਵੇਲਿਆਂ ਦਰਮਿਆਨ ਯਹੋਵਾਹ ਦੇ ਕੰਮਾਂ ਵਿਚਲੀ ਧਾਰਮਿਕਤਾ ਅਤੇ ਇਨਸਾਫ ਦੀ ਤਸੱਲੀ ਦਿੱਤੀ ਜਾਣੀ ਜ਼ਰੂਰੀ ਸੀ। ਯਹੋਵਾਹ ਨੇ ਯਿਰਮਿਯਾਹ ਦੇ ਜੀਵਨ ਵਿੱਚ ਸਤਾਉ ਅਤੇ ਅਪਰਵਾਨਗੀ ਆਉਣ ਦਿੱਤੀ, ਜਦਕਿ ਅਬਰਾਹਾਮ ਇਸ ਬਾਰੇ ਚਿੰਤਿਤ ਸੀ ਕਿ ਸਦੂਮ ਅਤੇ ਅਮੂਰਾਹ ਉੱਤੇ ਆਉਣ ਵਾਲੇ ਵਿਨਾਸ ਵਿੱਚ ਕਿਤੇ ਲੂਤ ਅਤੇ ਉਸ ਦਾ ਪਰਿਵਾਰ ਵੀ ਨਾਸ ਨਾ ਹੋ ਜਾਵੇ।

## ਸਦੂਮ ਅਤੇ ਅਮੂਰਾਹ ਲਈਅਬਰਾਹਾਮ ਦੀ ਵਿਚੋਲਗੀ (18:23–33)

**23ਤਾਂ ਅਬਰਾਹਾਮ ਨੇ ਨੇੜੇ ਹੋਕੇ ਆਖਿਆ, ਕੀ ਤੂੰ ਧਰਮੀ ਨੂੰ ਕੁਧਰਮੀ ਨਾਲ ਨਾਸ
ਕਰੇਂਗਾ? 24ਸ਼ਾਇਤ ਉਸ ਨਗਰ ਵਿੱਚ ਪੰਜਾਹ ਧਰਮੀ ਹੋਣ। ਕੀ ਤੂੰ ਜ਼ਰੂਰ ਉਸ ਥਾਂ ਨੂੰ ਮਿਟਾ
ਦੇਵੇਂਗਾ ਅਰ ਉਹ ਨੂੰ ਉਨ੍ਹਾਂ ਪੰਜਾਹਾਂ ਧਰਮੀਆਂ ਦੇ ਕਾਰਨ ਜੋ ਉਸ ਵਿੱਚ ਹਨ ਛੱਡ ਨਾ ਦੇਵੇਂਗਾ?
25ਐਉਂ ਕਰਨਾ ਅਰਥਾਤ ਧਰਮੀ ਨੂੰ ਕੁਧਰਮੀ ਨਾਲ ਮਾਰਨਾ ਤੈਥੋਂ ਦੂਰ ਹੋਵੇ ਤਾਂ ਧਰਮੀ
ਕੁਧਰਮੀ ਦੇ ਤੁੱਲ ਹੋ ਜਾਵੇਗਾ। ਇਹ ਤੈਥੋਂ ਦੂਰ ਹੋਵੇ। 26ਕੀ ਸਾਰੀ ਧਰਤੀ ਦਾ ਨਿਆਈ ਨਿਆਉਂ
ਨਾ ਕਰੇਗਾ? ਤਾਂ ਯਹੋਵਾਹ ਨੇ ਆਖਿਆ, ਜੇ ਸਦੂਮ ਵਿੱਚ ਪੰਜਾਹ ਧਰਮੀ ਨਗਰ ਦੇ ਵਿੱਚਕਾਰ
ਮੈਨੂੰ ਲੱਭਣ ਤਾਂ ਮੈਂ ਸਾਰੀ ਥਾਂ ਨੂੰ ਉਨ੍ਹਾਂ ਦੇ ਕਾਰਨ ਛੱਡ ਦਿਆਂਗਾ। 27ਫੇਰ ਅਬਰਾਹਾਮ ਨੇ ਉੱਤਰ
ਦੇਕੇ ਆਖਿਆ ਵੇਖ ਮੈਂ ਆਪਣੇ ਪ੍ਰਭੂ ਨਾਲ ਗੱਲ ਕਰਨ ਦੀ ਦਿਲੇਰੀ ਕੀਤੀ ਹੈ ਭਾਵੇਂ ਮੈਂ ਧੂੜ ਅਰ
ਖੇਹ ਹੀ ਹਾਂ। 28ਸ਼ਾਇਤ ਪੰਜਾਹ ਧਰਮੀਆਂ ਵਿੱਚੋਂ ਪੰਜ ਘੱਟ ਹੋਣ। ਕੀ ਉਨ੍ਹਾਂ ਪੰਜਾਂ ਦੇ ਕਾਰਨ ਤੂੰ
ਸਾਰਾ ਨਗਰ ਨਸ਼ਟ ਕਰੇਂਗਾ? ਉਸ ਨੇ ਆਖਿਆ, ਜੇ ਉੱਥੇ ਮੈਨੂੰ ਪੈਂਤਾਲੀ ਲੱਭਣ ਮੈਂ ਉਸ ਨੂੰ
ਨਸ਼ਟ ਨਹੀਂ ਕਰਾਂਗਾ। 29ਫੇਰ ਉਸ ਨੇ ਇੱਕ ਵਾਰੀ ਹੋਰ ਉਹ ਦੇ ਨਾਲ ਗੱਲ ਕਰਕੇ ਆਖਿਆ,
ਸ਼ਾਇਤ ਉੱਥੇ ਚਾਲੀ ਲੱਭਣ।ਉਸ ਨੇ ਆਖਿਆ, ਮੈਂ ਉਨ੍ਹਾਂ ਚਾਲੀਆਂ ਦੇ ਕਾਰਨ ਏਹ ਨਹੀਂ ਕਰਾਂਗਾ।
30ਤਦ ਉਸ ਨੇ ਆਖਿਆ, ਪ੍ਰਭੂ ਕਰੋਧਵਾਨ ਨਾ ਹੋਵੇ ਤਾਂ ਮੈਂ ਗੱਲ ਕਰਾਂ। ਸ਼ਾਇਤ ਉੱਥੇ ਤੀਹ
ਲੱਭਣ। ਉਸ ਨੇ ਆਖਿਆ, ਜੇ ਉੱਥੇ ਤੀਹ ਮੈਨੂੰ ਲੱਭਣ ਮੈਂ ਇਹ ਨਹੀਂ ਕਰਾਂਗਾ। 31ਫੇਰ ਉਸ ਨੇ
ਆਖਿਆ, ਵੇਖ ਮੈਂ ਪ੍ਰਭੂ ਨਾਲ ਗੱਲ ਕਰਨ ਦੀ ਦਲੇਰੀ ਕੀਤੀ ਹੈ। ਸ਼ਾਇਤ ਉੱਥੇ ਵੀਹ ਲੱਭਣ।ਉਸ
ਨੇ ਆਖਿਆ, ਮੈਂ ਉਨ੍ਹਾਂ ਵੀਹਾਂ ਦੇ ਕਾਰਨ ਨਸ਼ਟ ਨਹੀਂ ਕਰਾਂਗਾ। 32ਫੇਰ ਉਸ ਨੇ ਆਖਿਆ, ਪ੍ਰਭੂ
ਕਰੋਧਵਾਨ ਨਾ ਹੋਵੇ ਤਾਂ ਮੈਂ ਇੱਕੋਈ ਵਾਰ ਫੇਰ ਗੱਲ ਕਰਾਂਗਾ। ਸ਼ਾਇਤ ਉੱਥੇ ਦਸ ਲੱਭਣ।ਤਾਂ ਉਸ
ਨੇ ਆਖਿਆ, ਮੈਂ ਉਨ੍ਹਾਂ ਦਸਾਂ ਦੇ ਕਾਰਨ ਨਸ਼ਟ ਨਹੀਂ ਕਰਾਂਗਾ। 33ਜਦ ਯਹੋਵਾਹ ਅਬਰਾਹਾਮ
ਨਾਲ ਗੱਲਾਂ ਕਰ ਚੁੱਕਿਆ ਤਾਂ ਉਹ ਚੱਲਿਆ ਗਿਆ ਅਰ ਅਬਰਾਹਾਮ ਆਪਣੀ ਥਾਂ ਨੂੰ ਮੁੜ
ਪਿਆ।**

**ਆਇਤਾਂ 23, 25.** ਮੂਸਾ ਨੇ **ਅਬਰਾਹਾਮ** ਨੂੰ ਇੱਕ ਵਧੀਆ ਮੇਜ਼ਬਾਨ ਵਜੋਂ ਪੇਸ਼ ਕੀਤਾ ਸੀ, ਪਰ ਇੱਥੇ ਉਹ ਉਸ ਨੂੰ ਇੱਕ ਤਰਸਵਾਨ ਨਬੀ ਵਜੋਂ ਪੇਸ਼ ਕਰ ਰਿਹਾ ਸੀ (ਵੇਖੋ 20:7) ਜਿਸ ਨੇ ਦੁਸ਼ਟ ਨਗਰ ਸਦੂਮ ਦੇ ਲਈ ਵਿਚੋਲਗੀ ਕੀਤੀ ਸੀ ਕਿਉਂਕਿ ਲੂਤ ਅਤੇ ਉਸ ਦੇ ਪਰਿਵਾਰ ਨੇ

ਸਦੂਮ ਨੂੰ ਆਪਣਾ ਘਰ ਬਣਾ ਲਿਆ ਸੀ। ਅਬਰਾਹਾਮ ਇਹ ਸੁਝਾਉ ਨਹੀਂ ਦੇ ਰਿਹਾ ਸੀ ਕਿ ਪਰਮੇਸ਼ੁਰ ਆਪਣੇ ਇਨਸਾਫ ਨੂੰ ਰੋਕ ਲਵੇ। ਅਤੇ ਨਾ ਹੀ ਉਹ ਯਹੋਵਾਹ ਦੀ ਧਾਰਮਿਕਤਾ ਉੱਤੇ ਸਵਾਲ ਚੁੱਕ ਰਿਹਾ ਸੀ। ਇਹ ਪ੍ਰਸ਼ਨ ਕਿ **ਕੀ ਤੂੰ ਧਰਮੀ ਨੂੰ ਕੁਧਰਮੀ ਨਾਲ ਨਾਸ ਕਰੇਂਗਾ?** (18:23) ਉਸ ਦੀ ਇਸ ਚਿੰਤਾ ਨੂੰ ਪੇਸ਼ ਕਰਦਾ ਹੈ ਕਿ ਕਿਤੇ ਪ੍ਰਭੂ ਦੋਸ਼ੀਆਂ ਦੇ ਨਾਲ ਨਿਰਦੋਸ਼ ਨੂੰ ਵੀ ਸਜ਼ਾ ਨਾ ਦੇ ਦੇਵੇ। ਅਬਰਾਹਾਮ ਦੇ ਦ੍ਰਿਸ਼ਟੀਕੋਣ ਤੋਂ ਸੱਚਾ ਇਨਸਾਫ ਮੰਗ ਕਰਦਾ ਸੀ ਕਿ ਪਰਮੇਸ਼ੁਰ ਧਰਮੀਆਂ (צַדִּיק, *ਤਸਾਦੀਕ*) ਅਤੇ ਕੁਧਰਮੀਆਂ ਦੇ ਵਿੱਚ ਫਰਕ ਕਰੇ ਅਤੇ ਧਰਮੀਆਂ ਨੂੰ ਬਚਾਵੇ ਅਤੇ ਕੁਧਰਮੀਆਂ ਨੂੰ ਸਜ਼ਾ ਦੇਵੇ। ਭਲਿਆਈ ਅਤੇ ਬੁਰਿਆਈ ਵਿਚਲਾ ਫਰਕ ਇੱਕ ਅਜਿਹਾ ਵਿਸ਼ਾ ਹੈ ਜਿਹੜਾ ਬਾਈਬਲ ਵਿੱਚ ਕਈ ਵਾਰੀ ਦਿਖਾਈ ਦਿੰਦਾ ਹੈ ਅਤੇ ਅੰਤ ਸਮੇਂ ਵਿੱਚ ਵੀ ਨਿਆਉਂ ਦਾ ਅਧਾਰ ਇਹੋ ਹੈ (ਪਰਕਾਸ਼ 20:11-15; 21:7, 8, 27; 22:11-15)।

ਸ਼ਾਇਦ ਅਬਰਾਹਾਮ ਸਦੂਮ ਦੀ ਦੁਸ਼ਟਤਾ ਬਾਰੇ ਪਹਿਲਾਂ ਤੋਂ ਜਾਣਦਾ ਸੀ (13:13), ਕਿਉਂਕਿ ਪਰਮੇਸ਼ੁਰ ਦੁਆਰਾ ਉਨ੍ਹਾਂ ਦੇ ਪਾਪ ਦੀ ਗੰਭੀਰਤਾ ਦੇ ਮੁੱਲਾਂਕਣ ਬਾਰੇ ਉਸ ਨੇ ਸਵਾਲ ਚੁੱਕਣ ਦਾ ਜਤਨ ਨਹੀਂ ਕੀਤਾ ਸੀ। ਪਰ ਫਿਰ ਵੀ ਉਸ ਦੇ ਮਨ ਵਿੱਚ ਸਿਰਫ ਲੂਤ ਅਤੇ ਉਸ ਦਾ ਪਰਿਵਾਰ ਸੀ ਜੋ ਉੱਥੇ ਵੱਸ ਗਏ ਸਨ। ਅਬਰਾਹਾਮ ਦੇ ਭਤੀਜੇ ਬਾਰੇ ਅਸੀਂ ਜੋ ਕੁਝ ਜਾਣਦੇ ਹਾਂ ਅਤੇ ਅਧਿਆਇ 19 ਵਿੱਚ ਜੋ ਲਿਖਿਆ ਗਿਆ ਹੈ, ਉਸ ਤੋਂ ਅਸੀਂ ਆਖ ਸਕਦੇ ਹਾਂ ਕਿ ਧਰਮੀ ਮਨੁੱਖਾਂ ਦੀ ਸੂਚੀ ਵਿੱਚ ਲੂਤ ਜ਼ਿਆਦਾ ਉੱਤੇ ਨਹੀਂ ਸੀ। ਦੂਜੇ ਪਾਸੇ ਪਤਰਸ ਨੇ ਉਸ ਨੂੰ “ਧਰਮੀ” (δίκαιος, *ਡਿਕਾਇਓਸ*, *ਤਸਾਦੀਕ* ਦੇ ਬਰਾਬਰ) ਪੁਰਖ ਆਖਿਆ ਸੀ ਜਦ ਉਸ ਨੇ ਉਸ ਦੀ ਤੁਲਨਾ ਪੁਰਾਤਨ ਸਦੂਮ ਦੇ ਵਸਨੀਕਾਂ ਦੇ ਨਾਲ ਕੀਤੀ ਸੀ (2 ਪਤਰਸ 2:6-8)। ਇਸ ਤਰ੍ਹਾਂ ਦੀ ਤੁਲਨਾ ਸ਼ਰਾ, ਨਬੀਆਂ ਅਤੇ ਜ਼ਬੂਰਾਂ ਵਿੱਚ ਕਈ ਵਾਰੀ ਵੇਖੀ ਜਾ ਸਕਦੀ ਹੈ। ਉਦਾਹਰਣ ਵਜੋਂ, “ਯਹੋਵਾਹ ਧਰਮੀਆਂ ਨੂੰ ਪਿਆਰ ਕਰਦਾ ਹੈ; . . . ਪਰ ਦੁਸ਼ਟਾਂ ਦਾ ਰਾਹ ਵਿੰਗਾ ਕਰ ਦਿੰਦਾ ਹੈ” (ਜ਼ਬੂਰ 146:8, 9)।

ਅਬਰਾਹਾਮ ਦੁਆਰਾ ਸਦੂਮ ਲਈ ਕੀਤੀ ਗਈ ਵਿਚੋਲਗੀ ਵਿੱਚ ਉਹ ਤਿੰਨ ਵਾਰੀ ਆਖਦਾ ਹੈ ਕਿ ਇਸ ਗੱਲ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਪਰਮੇਸ਼ੁਰ ਧਰਮੀਆਂ ਅਤੇ ਕੁਧਰਮੀਆਂ ਦੇ ਨਾਲ ਇੱਕੋ ਜਿਹਾ ਵਿਹਾਰ ਕਰੇਗਾ। ਹਰ ਵਾਰੀ ਜਦ ਉਸ ਨੇ ਇਹ ਦਲੀਲ ਪੇਸ਼ ਕੀਤੀ ਤਾਂ ਉਸ ਨੇ ਭਾਸ਼ਾ ਵਿੱਚ ਥੋੜਾ ਬਦਲਾਉ ਕੀਤਾ ਤਾਂ ਜੋ ਆਪਣੇ ਇਤਰਾਜ਼ ਨੂੰ ਹੋਰ ਵੀ ਤਿੱਖਾ ਕਰ ਸਕੇ। ਪਹਿਲਾਂ ਉਸ ਨੇ ਪੁੱਛਿਆ ਕਿ ਕੀ ਪਰਮੇਸ਼ੁਰ “ਧਰਮੀ ਨੂੰ ਕੁਧਰਮੀ ਨਾਲ ਨਾਸ ਕਰੇਗਾ” (18:23)। ਇਹ ਸਵਾਲ ਸੁਝਾਉ ਦਿੰਦਾ ਹੈ ਕਿ ਪਰਮੇਸ਼ੁਰ ਕੁਝ ਨਜ਼ਰਅੰਦਾਜ਼ ਕਰ ਰਿਹਾ ਸੀ; ਇਸ ਦਾ ਅਰਥ ਇਹ ਨਿਕਲ ਰਿਹਾ ਸੀ ਕਿ ਸ਼ਾਇਦ ਪਰਮੇਸ਼ੁਰ ਆਪਣੇ ਕ੍ਰੋਧ ਨੂੰ ਕੁਧਰਮੀਆਂ ਦੇ ਨਾਲ-ਨਾਲ ਧਰਮੀਆਂ ਉੱਤੇ ਵੀ ਉਲੱਦੇਗਾ।

ਇਹ ਇਤਰਾਜ਼ ਜਬਰਦਸਤ ਸੀ; ਅਬਰਾਹਾਮ ਇਸ ਵਿਚਾਰ ਨਾਲ ਸਹਿਮ ਗਿਆ ਕਿ ਪਰਮੇਸ਼ੁਰ **ਧਰਮੀ ਨੂੰ ਕੁਧਰਮੀ ਨਾਲ ਮਾਰ** ਦੇਵੇਗਾ ਭਈ **ਧਰਮੀ ਕੁਧਰਮੀ ਦੇ ਤੁੱਲ ਹੋ ਜਾਵੇਗਾ** (18:25)। “ਮਾਰ” (מוּת, *ਮੁਥ*) ਦੇਣ ਦਾ ਅਰਥ ਹੈ “ਮੌਤ ਦੇ ਘਾਟ ਉਤਾਰਨਾ”; ਅਤੇ ਬਾਅਦ ਵਿੱਚ ਇਹ ਸ਼ਬਦ ਉਨ੍ਹਾਂ ਲਈ ਇਸਤੇਮਾਲ ਕੀਤੇ ਜਾਣ ਲੱਗੇ ਜਿਨ੍ਹਾਂ ਨੂੰ ਪਰਮੇਸ਼ੁਰ ਦੀ ਸ਼ਰਾ ਦੇ ਅਨੁਸਾਰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ (ਲੇਵੀਆਂ 20:2; ਗਿਣਤੀ 35:19, 21)। ਅਬਰਾਹਾਮ ਦੇ ਪ੍ਰਸ਼ਨ ਦਾ ਮੁੱਢਲਾ ਅਧਾਰ ਇਹ ਹੈ ਕਿ ਧਰਮੀ ਜੀਵਨ ਬਤੀਤ ਕਰਨ ਵਾਲੇ ਲੋਕ ਇੱਕ ਨੈਤਿਕ ਮੁੱਲ ਇਕੱਠਾ ਕਰਦੇ ਹਨ ਜੋ ਭ੍ਰਿਸ਼ਟ ਸਮਾਜ ਨੂੰ ਸੁਰੱਖਿਅਤ ਰੱਖਦਾ ਹੈ ਜਿਹੜਾ ਪਰਮੇਸ਼ੁਰ ਦੇ ਨਿਆਉਂ ਹੇਠ ਬਣਿਆ ਰਹਿੰਦਾ ਹੈ। ਉਸ ਦੀ ਸੋਚ ਦੇ ਅਨੁਸਾਰ ਯਹੋਵਾਹ

ਦੇ ਲਈ ਐਨੇ ਸਾਰੇ ਦੁਸ਼ਟ ਲੋਕਾਂ ਦੇ ਵਿਚਾਲੇ ਦਸ ਧਰਮੀ ਲੋਕਾਂ ਦਾ ਬਕੀਆ ਵਧੇਰੇ ਮਹੱਤਵਪੂਰਣ ਹੈ। ਜਿਵੇਂ ਧਰਤੀ ਦੀਆਂ ਸਾਰੀਆਂ ਕੌਮਾਂ ਨੂੰ ਅਬਰਾਹਾਮ ਅਤੇ ਉਸ ਦੀ ਅੰਸ ਵਿੱਚ ਅਸੀਸ ਮਿਲਣੀ ਸੀ, ਉਸੇ ਤਰ੍ਹਾਂ ਉਸ ਨੇ ਸੋਚਿਆ ਕਿ ਸਦੂਮ ਦੇ ਦੋਸ਼ੀ ਲੋਕ ਵੀ ਉਨ੍ਹਾਂ ਵਿਚਾਲੇ ਨਿਵਾਸ ਕਰਨ ਵਾਲੇ ਘੋਰ ਅਪਰਾਧਾਂ ਤੋਂ ਬਚੇ ਹੋਏ ਧਰਮੀਆਂ ਦੇ ਕਾਰਣ ਕਿਰਪਾ ਪ੍ਰਾਪਤ ਕਰਨਗੇ। ਇੱਕ ਭਾਵ ਨਾਲ ਧਰਮੀ ਲੋਕ ਕੁਧਰਮੀਆਂ ਦੇ ਬਦਲੇ ਜੀ ਰਹੇ ਸਨ।

ਅਬਰਾਹਾਮ ਵੱਲੋਂ ਕੀਤਾ ਗਿਆ ਤੀਜਾ ਇਤਰਾਜ਼ ਵੀ ਪਹਿਲਾਂ ਵਰਗਾ ਹੀ ਸੀ: ਉਹ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਪਰਮੇਸ਼ੁਰ ਧਰਮੀਆਂ ਅਤੇ ਕੁਧਰਮੀਆਂ ਦੇ ਨਾਲ ਇੱਕੋ ਜਿਹਾ ਵਿਹਾਰ ਕਰੇਗਾ। ਇਸ ਵਿਚਾਰ ਨੇ ਉਸ ਨੂੰ ਪਰੇਸ਼ਾਨ ਕਰ ਦਿੱਤਾ ਅਤੇ ਉਸ ਦੀ ਚਿੰਤਾ ਸਾਫ ਨਜ਼ਰ ਆਉਣ ਲੱਗੀ ਜਦ ਉਸ ਨੇ ਆਖਿਆ, **ਇਹ ਤੈਥੋਂ ਦੂਰ ਹੋਵੇ। ਕੀ ਸਾਰੀ ਧਰਤੀ ਦਾ ਨਿਆਈ ਨਿਆਉਂ ਨਾ ਕਰੇਗਾ?** (18:25)। ਅਸਲ ਵਿੱਚ ਅਬਰਾਹਾਮ ਪਰਮੇਸ਼ੁਰ ਅੱਗੇ ਅਪੀਲ ਕਰ ਰਿਹਾ ਸੀ ਕਿ ਉਹ ਧਰਮੀ ਨੂੰ "ਮਾਰਣ" (ਮੌਤ ਦੀ ਸਜ਼ਾ ਦੇਣ) ਤੋਂ ਆਪਣੇ ਆਪ ਨੂੰ ਰੋਕੇ। ਬਾਈਬਲ ਦੀ ਇੱਕ ਮੁੱਢਲੀ ਸਚਿਆਈ ਇਹ ਹੈ ਕਿ ਯਹੋਵਾਹ, ਜਿਸ ਨੇ ਸੰਸਾਰ ਅਤੇ ਉਸ ਵਿਚਲੇ ਸਭਕੁਝ ਦੀ ਰਚਨਾ ਕੀਤੀ ਹੈ, ਮਨੁੱਖਜਾਤੀ ਦੇ ਨਾਲ ਆਪਣੇ ਸਾਰੇ ਵਿਹਾਰ ਵਿੱਚ ਧਰਮੀ ਅਤੇ ਨਿਆਈ ਹੈ। ਇਹ ਸੱਚ ਹੈ, ਫਿਰ ਭਾਵੇਂ ਕਦੇ-ਕਦੇ ਉਹ ਨਾਇਨਸਾਫੀ ਕਰਦਾ ਪ੍ਰਤੀਤ ਹੀ ਕਿਉਂ ਨਾ ਹੋਵੇ (ਬਿਵਸਥਾ ਸਾਰ 32:4, 5; ਜ਼ਬੂਰਾਂ 9:7-9; 96:10; 97:1, 2; ਰੋਮੀਆਂ 2:5-11)।

**ਆਇਤਾਂ 24, 26–33.** ਅਬਰਾਹਾਮ ਨੇ ਪਰਮੇਸ਼ੁਰ ਤੋਂ ਪੁੱਛਗਿੱਛ ਕੀਤੀ ਕਿ ਕੀ ਉਹ ਸਦੂਮ ਨੂੰ ਬਖਸ਼ ਦੇਵੇਗਾ ਜੇਕਰ ਉਸ ਨਗਰ ਵਿੱਚ ਸਿਰਫ **ਪੰਜਾਹ ਧਰਮੀ** ਲੋਕ ਵੱਸਦੇ ਹੋਣ (18:24)। ਇਸ ਪੇਸ਼ਕਸ਼ ਲਈ ਪਰਮੇਸ਼ੁਰ ਦੀ ਰਜ਼ਾਮੰਦੀ ਨੂੰ ਪ੍ਰਾਪਤ ਕਰਕੇ (18:26), ਅਬਰਾਹਾਮ ਨੇ ਯਹੋਵਾਹ ਉੱਤੇ ਜ਼ੋਰ ਪਾਇਆ ਕਿ ਉਹ ਇਸ ਸਜ਼ਾ ਨੂੰ ਰੱਦ ਦੇਵੇ ਜੇਕਰ ਉੱਥੇ ਸਿਰਫ **ਪੈਂਤਾਲੀ** ਧਰਮੀ ਲੋਕ ਵੀ ਮਿਲਦੇ ਹਨ (18:28)। ਇੱਕ ਵਾਰ ਫਿਰ ਪਰਮੇਸ਼ੁਰ ਨੇ ਅਬਰਾਹਾਮ ਦੇ ਸੁਝਾਉ ਲਈ ਹਾਮੀ ਭਰ ਦਿੱਤੀ; ਇਸ ਤਰ੍ਹਾਂ ਅਬਰਾਹਾਮ ਨੇ ਦੋ ਵਾਰੀ ਪੰਜ-ਪੰਜ ਦੀ ਗਿਣਤੀ ਨੂੰ ਘਟਾਇਆ "ਪੰਜਾਹ" ਤੋਂ "ਪੈਂਤਾਲੀ" ਅਤੇ ਫਿਰ **ਚਾਲੀ** 'ਤੇ ਆ ਗਿਆ (18:29)।

ਪਰਮੇਸ਼ੁਰ ਤੋਂ ਇਸ ਤਰ੍ਹਾਂ ਦੀ ਪੁੱਛਗਿੱਛ ਕਰਕੇ ਅਬਰਾਹਾਮ ਗੁਸਤਾਖ਼ ਜਾਂ ਬੇਅਦਬ ਦਿਖਾਈ ਨਹੀਂ ਦੇਣਾ ਚਾਹੁੰਦਾ ਸੀ; ਇਸ ਕਰਕੇ ਉਸ ਨੇ ਇਕਰਾਰ ਕੀਤਾ ਕਿ ਉਹ **ਧੂੜ ਅਰ ਖੇਹ** ਹੈ (18:27)। ਇਹ ਸ਼ਬਦ ਉਸ ਦੀ ਛਿਣਭੰਗੁਰਤਾ ਨੂੰ ਦਰਸਾਉਂਦੇ ਹਨ; ਉਹ "ਮਿੱਟੀ ਸੀ ਅਤੇ ਮਿੱਟੀ ਵਿੱਚ ਮੁੜ ਜਾਣ" ਲਈ ਠਹਿਰਾਇਆ ਗਿਆ ਸੀ (2:7; 3:19; ਅੱਯੂਬ 30:19; ਜ਼ਬੂਰ 103:14)।[11] ਪਰ ਫਿਰ ਜਿਵੇਂ-ਜਿਵੇਂ ਅਬਰਾਹਾਮ ਨੂੰ ਸਕਾਰਾਤਾਮਕ ਜਵਾਬ ਮਿਲਦੇ ਰਹੇ ਉਹ ਥੋੜ੍ਹਾ ਹੋਰ ਦਿਲੇਰ ਹੁੰਦਾ ਗਿਆ ਅਤੇ ਤਿੰਨ ਵਾਰੀ ਦਸ-ਦਸ ਦੀ ਗਿਣਤੀ ਘਟਾ ਦਿੱਤੀ ਅਤੇ "ਚਾਲੀ" ਤੋਂ **ਤੀਹ,** ਫਿਰ **ਵੀਹ** ਅਤੇ ਫਿਰ **ਦਸ** 'ਤੇ ਆ ਗਿਆ (18:30-32)। ਜਦ ਅਬਰਾਹਾਮ ਇਸ ਮਸਲੇ ਵਿੱਚ ਅਗਾਂਹ ਵਧਦਾ ਗਿਆ, ਤਾਂ ਅਜਿਹਾ ਕਰਕੇ ਉਹ ਹੰਕਾਰੀ ਨਹੀਂ ਹੋ ਰਿਹਾ ਸੀ; ਸਗੋਂ ਇਸ ਦੇ ਉਲਟ ਉਹ ਮਾਫੀ ਮੰਗ ਰਿਹਾ ਸੀ ਅਤੇ ਦੋ ਵਾਰੀ ਉਸ ਨੇ ਪ੍ਰਭੂ ਨੂੰ ਆਖਿਆ ਕਿ ਸਦੂਮ ਵਿੱਚ ਵੱਸਦੇ ਧਰਮੀਆਂ ਦੇ ਲਈ ਉਸ ਦੀ ਦਯਾ ਦੀ ਮੰਗ ਬਾਰ-ਬਾਰ ਕਰਨ ਕਰਕੇ ਉਹ ਉਸ ਉੱਤੇ **ਕਰੋਧਵਾਨ ਨਾ ਹੋਵੇ** (18:30, 32)।

ਆਖਰੀ ਬੇਨਤੀ ਕਰਨ ਤੋਂ ਪਹਿਲਾਂ ਅਬਰਾਹਾਮ ਨੇ ਸ਼ਾਇਦ ਮਹਿਸੂਸ ਕਰ ਲਿਆ ਸੀ ਕਿ ਪਰਮੇਸ਼ੁਰ ਤੋਂ ਜੋ ਮੰਗਣ ਦੀ ਉਸ ਨੇ ਹਿੰਮਤ ਕੀਤੀ ਸੀ, ਉਹ ਉਸ ਦੀ ਹੱਦ ਤੱਕ ਪੁੱਜ ਗਿਆ ਸੀ। ਇਸ ਕਰਕੇ ਉਸ ਨੇ ਆਖਿਆ ਕਿ ਉਹ ਸਦੂਮ ਦੇ ਵਿਨਾਸ ਬਾਰੇ ਬਸ **ਇੱਕੋਈ ਵਾਰ** ਹੋਰ

ਬੋਲੇਗਾ। ਫਿਰ ਉਸ ਨੇ ਪ੍ਰਭੂ ਤੋਂ ਇਸ ਸੰਭਾਵਨਾ ਬਾਰੇ ਪੁੱਛਿਆ ਕਿ ਜੇਕਰ ਸਿਰਫ "ਦਸ" ਧਰਮੀ ਵਿਅਕਤੀ ਹੀ **ਉੱਥੇ ਲੱਭਣ** ਕੀ ਉਹ ਤਾਂ ਵੀ ਨਗਰ ਨੂੰ ਬਖਸ਼ ਦੇਵੇਗਾ (18:32)। ਅਬਰਾਹਾਮ ਵੱਲੋਂ ਪੁੱਛੇ ਜਾ ਰਹੇ ਇਨ੍ਹਾਂ ਪੜਤਾਲੀ ਪ੍ਰਸ਼ਨਾਂ ਨੂੰ ਯਹੋਵਾਹ ਨੇ ਸਹਿਣ ਕਰ ਲਿਆ ਅਤੇ ਨਿਆਉਂ ਕਰਨ ਵਿੱਚ ਉਹ ਧੀਰਜ ਦਰਸਾਇਆ ਜਿਸ ਬਾਰੇ ਪਤਰਸ ਨੇ ਬਾਅਦ ਵਿੱਚ ਲਿਖਿਆ। ਪਰਮੇਸ਼ੁਰ ਦਾ ਇੱਕ ਮੁੱਢਲਾ ਗੁਣ ਇਹ ਹੈ ਕਿ ਉਹ ਇਹ ਨਹੀਂ ਚਾਹੁੰਦਾ ਕਿ "ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਕਹਿਣ ਦਾ ਭਾਵ ਇਹ ਹੈ ਕਿ "ਪਰਮੇਸ਼ੁਰ ਪ੍ਰੇਮ ਹੈ" (1 ਯੂਹੰਨਾ 4:8), ਇਸੇ ਕਰਕੇ ਉਹ ਨਹੀਂ ਚਾਹੁੰਦਾ ਕਿ ਕਿਸੇ ਨੂੰ ਸਜ਼ਾ ਦੇਵੇ ਜਾਂ ਕੋਈ ਨਾਸ ਹੋਵੇ, ਸਗੋਂ ਜਦ ਤੱਕ ਉਸ ਦੀ ਪਵਿੱਤਰਤਾ ਅਤੇ ਧਾਰਮਿਕਤਾ ਦੇ ਨਾਲ ਸਮਝੌਤਾ ਨਹੀਂ ਕੀਤਾ ਜਾਂਦਾ ਤਦ ਤੱਕ ਉਹ ਮਾਫੀ ਦਿੰਦਾ ਰਹੇ। ਇਸ ਦਾ ਅਰਥ ਇਹ ਹੈ ਕਿ ਯਹੋਵਾਹ ਨੂੰ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰਨਾ ਹੈ ਕਿ ਦੁਸ਼ਟ ਲੋਕ ਉਸ ਨੂੰ ਜ਼ਰੂਰਤ ਤੋਂ ਵਧ ਲਾਡ ਕਰਨ ਵਾਲਾ ਦਾਦਾ ਨਾ ਸਮਝ ਲੈਣ ਜੋ ਪਾਪ ਨੂੰ ਐਵੇਂ ਅਣਦੇਖਾ ਕਰ ਦਿੰਦਾ ਹੈ ਜਿਵੇਂ ਕਿ ਉਸ ਨਾਲ ਕੋਈ ਫਰਕ ਨਹੀਂ ਪੈਂਦਾ। ਗੱਲਬਾਤ ਸਮਾਪਤ ਹੋਣ ਮਗਰੋਂ, **ਯਹੋਵਾਹ . . . ਚੱਲਿਆ ਗਿਆ ਅਰ ਅਬਰਾਹਾਮ ਆਪਣੀ ਥਾਂ ਨੂੰ ਮੁੜ ਪਿਆ** (18:33) – ਅਰਥਾਤ, "ਮਮਰੇ ਦੇ ਬਲੂਤਾਂ ਕੋਲ" ਆ ਗਿਆ (18:1)।

# ਪ੍ਰਾਸੰਗਿਕਤਾ

### ਨਿਹਚਾਵਾਨ ਵਿਅਕਤੀ (ਅਧਿਆਇ 18)

*ਨਿਹਚਾਵਾਨ ਲੋਕ ਬਿਨਾ ਦੱਸੇ ਆਏ ਪ੍ਰਾਹੁਣਿਆਂ ਦੇ ਪ੍ਰਤੀ ਕਿਰਪਾਵਾਨ ਹੁੰਦੇ ਹਨ* (18:1-8)। ਅਬਰਾਹਾਮ ਉਸ ਵੇਲੇ ਅਚਾਣਕ ਉਸ ਦੇ ਸਾਹਮਣੇ ਆਏ ਤਿੰਨ ਅਜਨਬੀਆਂ ਨੂੰ ਵੇਖ ਕੇ ਹੈਰਾਨ ਹੋ ਗਿਆ ਜਦ ਉਹ ਦੁਪਹਿਰ ਵੇਲੇ ਆਪਣੇ ਤੰਬੂ ਦੇ ਬੂਹੇ ਦੇ ਕੋਲ ਅਰਾਮ ਕਰ ਰਿਹਾ ਸੀ। ਉਹ ਉੱਠਿਆ ਅਤੇ ਉਨ੍ਹਾਂ ਦਾ ਸੁਆਗਤ ਕਰਨ ਲਈ ਦੌੜਿਆ ਗਿਆ ਅਤੇ ਨਹੀਂ ਜਾਣਦਾ ਸੀ ਕਿ ਇਹ ਪ੍ਰਾਹੁਣੇ ਸੁਰਗੋਂ ਆਏ ਹਨ ਜਿਨ੍ਹਾਂ ਵਿੱਚੋਂ ਇੱਕ ਯਹੋਵਾਹ ਸੀ। ਉਨ੍ਹਾਂ ਨੂੰ ਸਵੀਕਾਰ ਕਰਕੇ ਅਤੇ ਉਨ੍ਹਾਂ ਦੇ ਲਈ ਸ਼ਾਨਦਾਰ ਭੋਜਨ ਦਾ ਪ੍ਰਬੰਧ ਕਰਕੇ ਉਹ ਸਭਨਾਂ ਨਿਹਚਾਵਾਨਾਂ ਦੇ ਲਈ ਪ੍ਰਾਹੁਣਚਾਰੀ ਦੀ ਇੱਕ ਮਿਸਾਲ ਬਣ ਗਿਆ।

ਇਬਰਾਨੀਆਂ ਦੀ ਪੁਸਤਕ ਦੇ ਲੇਖਕ ਦੇ ਮਨ ਵਿੱਚ ਸ਼ਾਇਦ ਅਬਰਾਹਾਮ ਰਿਹਾ ਹੋਵੇਗਾ ਜਦ ਉਸ ਨੇ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਕਿ ਆਪਣੇ ਭਾਈਆਂ ਦੇ ਲਈ ਭਰੱਪਣ ਦਾ ਪ੍ਰੇਮ ਬਣਾਈ ਰੱਖੋ ਅਤੇ "ਪਰਾਹੁਣਚਾਰੀ ਕਰਨੀ ਨਾ ਭੁੱਲਿਓ ਕਿਉਂ ਜੋ ਇਹ ਕਰ ਕੇ ਕਿੰਨਿਆਂ ਨੇ ਦੂਤਾਂ ਨੂੰ ਬਿਨ ਪਛਾਣੇ ਘਰ ਉਤਾਰਿਆ ਹੈ" (ਇਬਰਾਨੀਆਂ 13:2)। ਪ੍ਰਭੂ ਆਪਣੇ ਪੈਰੋਕਾਰਾਂ ਤੋਂ ਉਮੀਦ ਰੱਖਦਾ ਹੈ ਕਿ ਲੋਕਾਂ ਦੀ ਪ੍ਰਾਹੁਣਚਾਰੀ ਕਰਨ ਜਿਵੇਂ ਕਿ ਅਬਰਾਹਾਮ ਨੇ ਕੀਤੀ ਸੀ। ਜਿਸ ਤਰ੍ਹਾਂ ਨਾਲ ਅਸੀਂ ਭੁੱਖੇ ਅਤੇ ਤਿਹਾਏ ਅਜਨਬੀਆਂ ਦੇ ਨਾਲ ਵਿਹਾਰ ਕਰਦੇ ਹਾਂ ਉਹ ਪ੍ਰਭੂ ਦੇ ਪ੍ਰਤੀ ਸਾਡੇ ਸਮਰਪਣ ਦੀ ਸਚਿਆਈ ਜਾਂ ਘਾਟ ਨੂੰ ਪੇਸ਼ ਕਰਦਾ ਹੈ। ਨਿਆਉਂ ਦੇ ਦਿਨ ਚੇਲਿਆਂ ਦੀ ਪਰਖ ਦੇ ਲਈ ਜਿਹੜੀਆਂ ਪ੍ਰੀਖਿਆਵਾਂ ਕੀਤੀਆਂ ਜਾਣਗੀਆਂ ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਅਸੀਂ ਭੁੱਖਿਆਂ ਨੂੰ ਭੋਜਨ ਖੁਆਇਆ ਜਾਂ ਨਹੀਂ, ਤਿਹਾਇਆਂ ਨੂੰ ਪਾਣੀ ਪਿਆਇਆ ਜਾਂ ਨਹੀਂ ਅਤੇ ਪਰਦੇਸੀਆਂ ਨੂੰ ਆਪਣੇ ਘਰ ਵਿੱਚ ਠਹਿਰਾਇਆ ਜਾਂ ਨਹੀਂ (ਮੱਤੀ 25:35)। ਯਿਸੂ ਵੱਲੋਂ ਦਿੱਤੇ ਗਏ ਨਿਆਉਂ ਦੇ ਵੇਰਵੇ ਵਿੱਚ ਪਾਤਸ਼ਾਹ ਨੇ ਆਖਿਆ, "ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ" (ਮੱਤੀ 25:40)।

*ਨਿਹਚਾਵਾਨ ਲੋਕਾਂ ਨੂੰ ਪ੍ਰਭੂ ਦੀਆਂ ਪ੍ਰਤਿੱਗਿਆਵਾਂ ਉੱਤੇ ਭਰੋਸਾ ਰੱਖਣਾ ਸਿੱਖਣ ਦੀ ਲੋੜ ਹੈ, ਫਿਰ ਭਾਵੇਂ ਉਹ ਅਸੰਭਵ ਹੀ ਕਿਉਂ ਨਾ ਲੱਗਣ* (18:9-15)। ਜਦ ਯਹੋਵਾਹ ਨੇ ਪ੍ਰਤਿੱਗਿਆ ਕੀਤੀ ਕਿ ਅਗਲੇ ਸਾਲ ਸਾਰਾਹ ਪੁੱਤਰ ਨੂੰ ਜਣੇਗੀ ਤਾਂ ਅਬਰਾਹਾਮ ਵਾਂਗ ਉਹ ਵੀ (17:17) ਬੇਪਰਤੀਤੀ ਵਿੱਚ ਹੱਸ ਪਈ। ਉਨ੍ਹਾਂ ਦੀ ਉਮਰ ਦੇ ਲੋਕ – ਸਾਰਾਹ ਉਨਾਨਵੇ ਸਾਲ ਦੀ ਉਮਰ ਵਿੱਚ ਅਤੇ ਅਬਰਾਹਾਮ ਨੜਿਨਵੇ ਸਾਲ ਦੀ ਉਮਰ ਵਿੱਚ – ਸੁਭਾਵਕ ਰੀਤੀ ਨਾਲ ਬੱਚੇ ਨੂੰ ਜਨਮ ਨਹੀਂ ਦੇ ਸਕਦੇ। ਅਜਿਹੀ ਬੇਪਰਤੀਤੀ ਦੇ ਪ੍ਰਤੀ ਯਹੋਵਾਹ ਦਾ ਉੱਤਰ ਇਹ ਸੀ: "ਭਲਾ ਕੋਈ ਗੱਲ ਯਹੋਵਾਹ ਲਈ ਔਖੀ ਹੈ?" (18:14)। ਹਾਲਾਂਕਿ ਬੱਚੇ ਨੂੰ ਜਨਮ ਦੇਣ ਦੇ ਭਾਵ ਨਾਲ ਉਨ੍ਹਾਂ ਦੀ ਦੇਹ "ਮੁਰਦੇ ਵਰਗੀ" ਹੋ ਗਈ ਸੀ, ਤਾਂ ਵੀ ਅਬਰਾਹਾਮ (ਅਤੇ ਸਾਰਾਹ) ਨੇ "ਨਿਰਾਸਾ ਵਿੱਚ ਆਸ ਨਾਲ" ਵਿਸ਼ਵਾਸ ਕੀਤਾ ਕਿ ਪਰਮੇਸ਼ੁਰ ਨੇ ਜੋ ਪ੍ਰਤਿੱਗਿਆ ਕੀਤੀ ਹੈ ਉਹ "ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ" (ਰੋਮੀਆਂ 4:18-24)। ਇਸਹਾਕ ਦੇ ਜਨਮ ਦੇ ਨਾਲ ਪਰਮੇਸ਼ੁਰ ਦੀ ਪ੍ਰਤਿੱਗਿਆ ਵਿੱਚ ਉਨ੍ਹਾਂ ਦੀ ਨਿਹਚਾ ਸਹੀ ਪ੍ਰਮਾਣਿਤ ਹੋਈ, ਹਾਲਾਂਕਿ ਪਹਿਲੀ ਵਾਰੀ ਜਦ ਉਨ੍ਹਾਂ ਨੇ ਇਸ ਨੂੰ ਸੁਣਿਆ ਸੀ ਤਾਂ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੋਇਆ ਸੀ।

ਬੇਪਰਤੀਤੀ ਦੇ ਮਸਲੇ ਬਾਰੇ ਪੌਲੁਸ ਨੇ ਵੀ ਗੱਲ ਕੀਤੀ, ਖਾਸ ਕਰਕੇ ਮ੍ਰਿਤਕਾਂ ਦੇ ਜੀ ਉੱਠਣ ਦੇ ਸੰਬੰਧ ਵਿੱਚ। ਕੁਝ ਸਰੋਤਿਆਂ ਨੇ ਉਸ ਦੀ ਇਸ ਸਿੱਖਿਆ ਬਾਰੇ ਸੰਦੇਹ ਦਰਸਾਏ ਸਨ ਕਿ ਮਸੀਹ ਦੀ ਦੂਜੀ ਆਮਦ ਵੇਲੇ ਮ੍ਰਿਤਕ ਜੀ ਉੱਠਣਗੇ। ਪੌਲੁਸ ਨੇ ਮਸੀਹ ਦੇ ਜੀ ਉੱਠਣ ਬਾਰੇ ਇੱਕ ਵਿਸਤ੍ਰਿਤ ਰੱਖਿਆਤਮਕ ਪੱਤਰ ਲਿਖਿਆ ਤਾਂ ਜੋ ਗੈਰਯਹੂਦੀ ਮਸੀਹੀਆਂ ਨੂੰ ਉਤਸ਼ਾਹਿਤ ਕਰੇ ਜੋ ਸਦੀਪਕ ਜੀਵਨ ਦੇ ਲਈ ਮ੍ਰਿਤਕਾਂ ਦੇ ਜੀ ਉੱਠਣ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ (ਵੇਖੋ 1 ਕੁਰਿੰਥੀਆਂ 15)।

ਅੱਜ ਵੀ ਭਿੰਨ-ਭਿੰਨ ਕਾਰਣਾਂ ਕਰਕੇ ਸੰਦੇਹੀ ਲੋਕ ਮ੍ਰਿਤਕਾਂ ਦੇ ਸਰੀਰਕ ਤੌਰ 'ਤੇ ਜੀ ਉੱਠਣ ਦੀ ਸੰਭਾਵਨਾ ਦਾ ਇਨਕਾਰ ਕਰਦੇ ਹਨ। ਇੱਥੋਂ ਤੱਕ ਕਿ ਆਪਣੇ ਆਪ ਨੂੰ ਮਸੀਹੀ ਆਖਣ ਵਾਲੇ ਲੋਕ ਵੀ ਇਸ ਵਿਚਾਰ ਨੂੰ ਰੱਦਦੇ ਹਨ; ਪਰ ਫਿਰ ਵੀ ਅਰੰਭਕ ਕਲੀਸਿਯਾ ਨੇ ਇੱਕ ਹੋ ਕੇ ਮ੍ਰਿਤਕਾਂ ਦੇ ਸਰੀਰਕ ਤੌਰ 'ਤੇ ਜੀ ਉੱਠਣ ਦੀ ਸਿੱਖਿਆ ਦਿੱਤੀ ਸੀ। ਹਾਲਾਂਕਿ ਪਹਿਲੀ ਸਦੀ ਦੇ ਕਈ ਲੋਕਾਂ ਨੂੰ ਇਹ ਅਸੰਭਵ ਪ੍ਰਤੀਤ ਹੁੰਦਾ ਸੀ, ਤਾਂ ਵੀ ਇਨ੍ਹਾਂ ਵਰ੍ਹਿਆਂ ਦੇ ਦੌਰਾਨ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਭਰੀ ਗਵਾਹੀਆਂ ਨੇ ਇਸ ਉੱਤੇ ਵਿਸ਼ਵਾਸ ਕਰਨ ਦੇ ਕਈ ਭਰੋਸੇਮੰਦ ਕਾਰਣ ਦਿੱਤੇ ਹਨ।

ਪਹਿਲਾ, ਪਰਮੇਸ਼ੁਰ ਅਤੇ ਯਿਸੂ ਦੋਹਾਂ ਨੇ ਪ੍ਰਤਿੱਗਿਆ ਕੀਤੀ ਸੀ ਕਿ ਮਸੀਹ ਦੀ ਮੌਤ ਹੋਵੇਗੀ ਅਤੇ ਉਹ ਜੀ ਉੱਠੇਗਾ (ਯਸਾਯਾਹ 53:1-12; ਮੱਤੀ 16:21; ਯੂਹੰਨਾ 10:17, 18; ਰਸੂਲਾਂ 2:22-24, 29-31)।

ਦੂਜਾ, ਰਸੂਲਾਂ ਨੇ ਅਤੇ ਪੰਜ ਸੌ ਹੋਰ ਗਵਾਹਾਂ ਨੇ ਇਹ ਸਾਖੀ ਦਿੱਤੀ ਕਿ ਯਿਸੂ ਦੀ ਸਲੀਬੀ ਮੌਤ ਤੋਂ ਬਾਅਦ ਉਨ੍ਹਾਂ ਨੇ ਯਿਸੂ ਨੂੰ ਜੀਉਂਦਾ ਵੇਖਿਆ। ਕੁਝ ਨੇ ਤਾਂ ਉਸ ਨੂੰ ਛੂਹ ਕੇ ਵੀ ਵੇਖਿਆ ਅਤੇ ਉਸ ਦੇ ਨਾਲ ਭੋਜਨ ਖਾਧਾ (ਲੂਕਾ 24:33-43; ਯੂਹੰਨਾ 20:19, 20, 24-29; ਰਸੂਲਾਂ 2:32-36; 9:1-6; 22:6-10; 1 ਕੁਰਿੰਥੀਆਂ 15:1-8)।

ਤੀਜਾ, ਯਿਸੂ ਦੇ ਜੀ ਉੱਠਣ ਦੇ ਗਵਾਹਾਂ ਨੂੰ ਉਸ ਦੇ ਜੀ ਉੱਠਣ ਬਾਰੇ ਝੂਠ ਬੋਲ ਕੇ ਨਾ ਤਾਂ ਕੋਈ ਦੌਲਤ ਮਿਲਣੀ ਸੀ, ਨਾ ਪ੍ਰਸਿੱਧੀ ਅਤੇ ਨਾ ਹੀ ਕੋਈ ਪਦਵੀ। ਇਸ ਦੇ ਉਲਟ ਉਨ੍ਹਾਂ ਦੇ ਕੋਲ ਭੌਤਿਕ ਦ੍ਰਿਸ਼ਟੀਕੋਣ ਨਾਲ ਜੋ ਕੁਝ ਵੀ ਸੀ, ਉਸ ਨੂੰ ਉਹ ਗੁਆ ਸਕਦੇ ਸਨ, ਜਿਵੇਂ ਕਿ ਮਿੱਤਰ, ਪਰਿਵਾਰ, ਸੰਪਤੀ ਅਤੇ ਉਨ੍ਹਾਂ ਦੇ ਆਪਣੇ ਜੀਵਨ। ਕਈਆਂ ਨੇ ਤਾਂ ਆਪਣੀ ਜਾਨ ਵੀ ਗੁਆ ਦਿੱਤੀ ਕਿਉਂਕਿ ਉਨ੍ਹਾਂ ਨੇ ਇਹ ਗਵਾਹੀ ਦੇਣੀ ਨਾ ਛੱਡੀ ਕਿ ਉਨ੍ਹਾਂ ਨੇ ਯਿਸੂ ਦੀ ਮੌਤ ਤੋਂ ਬਾਅਦ ਉਸ ਨੂੰ

ਜੀਉਂਦਾ ਵੇਖਿਆ ਸੀ।

ਚੌਥਾ, ਯਿਸੂ ਦਾ ਜੀ ਉੱਠਣਾ ਹੀ ਹੈ ਜੋ ਸਾਨੂੰ ਸਾਡੇ ਜੀ ਉੱਠਣ ਦੀ ਗਰੰਟੀ ਦਿੰਦਾ ਹੈ ਅਤੇ ਭਵਿੱਖ ਦੀ ਨਿਯਤੀ ਦੀ ਆਸ ਦਿੰਦਾ ਹੈ। ਇਹੋ ਇੰਜੀਲ (ਖੁਸ਼ਖਬਰੀ) ਹੈ; ਅਤੇ ਜੇਕਰ ਅਜਿਹਾ ਨਹੀਂ ਹੋਇਆ ਹੈ, ਤਾਂ ਜਿਵੇਂ ਕਿ ਪੌਲੁਸ ਨੇ ਆਖਿਆ, ਅਸੀਂ ਅਜੇ ਵੀ ਆਪਣੇ ਪਾਪਾਂ ਵਿੱਚ ਹਾਂ, ਸਾਡੀ ਨਿਹਚਾ ਵਿਅਰਥ ਹੈ ਅਤੇ ਸਾਡੇ ਜੀਵਨ ਖੋਖਲੇ ਹਨ (1 ਕੁਰਿੰਥੀਆਂ 15:14-22)। ਸੰਸਾਰ ਵਿੱਚ ਕਈ ਲੋਕ ਅਜੇ ਵੀ ਸੰਦੇਹ ਨਾਲ ਭਰਿਆ ਵਿਹਾਰ ਅਪਣਾਈ ਬੈਠੇ ਹਨ ਜੋ ਕੋਈ ਆਸ ਨਹੀਂ ਦਿੰਦਾ। ਪਰ ਮਸੀਹੀ ਲੋਕਾਂ ਦੇ ਲਈ ਮੌਤ ਦਾ ਡੰਗ ਖੋਹ ਲਿਆ ਗਿਆ ਹੈ ਅਤੇ ਜਿੱਤ ਨੇ ਇਸ ਨੂੰ ਨਿਗਲ ਲਿਆ ਹੈ ਕਿਉਂਕਿ ਮਸੀਹ ਮ੍ਰਿਤਕਾਂ ਵਿੱਚੋਂ ਜੀ ਉੱਠਿਆ ਹੈ। ਪਾਪ ਅਤੇ ਮੌਤ ਉੱਤੇ ਉਸ ਦੀ ਜਿੱਤ ਵਿੱਚ ਅਸੀਂ ਉਸ ਦੇ ਭਾਗੀਦਾਰ ਹਾਂ ਅਤੇ "ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ" (ਰੋਮੀਆਂ 8:37; ESV; ਵੇਖੋ 1 ਕੁਰਿੰਥੀਆਂ 15:54-57)।

*ਨਿਹਚਾਵਾਨ ਲੋਕ ਸਮਝਦੇ ਹਨ ਕਿ ਪ੍ਰਭੂ ਵੱਲੋਂ ਦੁਸ਼ਟਾਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਜਾਇਜ਼ ਹੈ* (18:16-22)। ਯਹੋਵਾਹ ਨੇ ਆਖਿਆ, "ਮੈਂ ਅਬਰਾਹਾਮ ਤੋਂ ਉਹ ਜੋ ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ?" (18:17)। ਉਸ ਨੇ ਦੋ ਕਾਰਣਾਂ ਕਰਕੇ ਆਪਣੀ ਯੋਜਨਾ ਅਬਰਾਹਾਮ ਨੂੰ ਦੱਸੀ: (1) ਅਬਰਾਹਾਮ ਨੇ "ਇੱਕ ਵੱਡੀ ਅਰ ਬਲਵੰਤ ਕੌਮ" ਬਣਨਾ ਸੀ ਅਤੇ ਉਸ ਵਿੱਚ "ਧਰਤੀ ਦੀਆਂ ਸਾਰੀਆਂ ਕੌਮਾਂ" ਨੇ ਬਰਕਤ ਪ੍ਰਾਪਤ ਕਰਨੀ ਸੀ (18:18)। ਇਸ ਕਰਕੇ ਜਦ (ਸਦੂਮ, ਅਮੂਰਾਹ ਅਤੇ ਯਰਦਨ ਘਾਟੀ ਦੇ ਹੋਰ ਨਗਰਾਂ ਦੇ; 19:24, 25) ਬਹੁਤ ਸਾਰੇ ਲੋਕਾਂ ਨੇ ਨਾਸ ਹੋ ਜਾਣਾ ਸੀ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਸਮਝਾਇਆ ਕਿ ਉਸ ਵੱਲੋਂ ਅਜਿਹਾ ਕੀਤੇ ਜਾਣ ਦਾ ਕਾਰਣ ਕੀ ਸੀ। (2) ਅਬਰਾਹਾਮ ਨੇ "ਆਪਣੇ ਪੁੱਤਰਾਂ ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਣੀ ਸੀ ਕਿ ਉਹ ਧਰਮ ਅਰ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਨਾ ਕਰਨ" ਤਾਂ ਜੋ ਪਰਮੇਸ਼ੁਰ ਅਬਰਾਹਾਮ ਦੇ ਲਈ ਉਹ ਪੂਰਾ ਕਰ ਸਕੇ ਜੋ ਉਸ ਨੇ "ਉਸ ਦੇ ਸੰਬੰਧ ਵਿੱਚ ਬੋਲਿਆ [ਸੀ]" (18:19)। ਲਗਭਗ ਹਮੇਸ਼ਾ ਅਜਿਹਾ ਹੁੰਦਾ ਹੈ ਕਿ ਪਰਮੇਸ਼ੁਰ ਵੱਲੋਂ ਮਨੁੱਖ ਨੂੰ ਦਿੱਤੀਆਂ ਗਈਆਂ ਪ੍ਰਤਿੱਗਿਆਵਾਂ ਸ਼ਰਤਾਂ ਦੇ ਨਾਲ ਆਉਂਦੀਆਂ ਹਨ; ਪਰਮੇਸ਼ੁਰ ਵਿਦਰੋਹੀ ਲੋਕਾਂ ਉੱਤੇ ਆਪਣੀਆਂ ਅਸੀਸਾਂ ਜਬਰਦਸਤੀ ਨਹੀਂ ਪਾਉਂਦਾ। ਪਰਮੇਸ਼ੁਰ ਦੁਆਰਾ ਅਬਰਾਹਾਮ ਦੀ ਅੰਸ ਨੂੰ ਅਸੀਸ ਦੇਣ ਲਈ ਜ਼ਰੂਰੀ ਸੀ ਕਿ ਉਹ ਉਨ੍ਹਾਂ ਨੂੰ "ਯਹੋਵਾਹ ਦੇ ਰਾਹ ਦੀ ਪਾਲਨਾ ਕਰਨ" ਦੇ ਨਿਰਦੇਸ਼ ਦੇਵੇ, ਤਾਂ ਜੋ ਉਹ ਆਪਣੇ ਰੋਜਾਨਾ ਦੇ ਜੀਵਨ ਵਿੱਚ ਧਰਮ ਅਤੇ ਨਿਆਉਂ ਕਰਦੇ ਰਹਿਣ। ਇਹ ਉਨ੍ਹਾਂ ਦੇ ਲਈ ਸ਼ਰਤਾਂ ਬਣ ਗਈਆਂ ਸਨ ਤਾਂ ਜੋ ਉਹ ਪ੍ਰਤਿੱਗਿਆ ਕੀਤੇ ਹੋਏ ਦੇਸ ਦੇ ਅਧਕਾਰੀ ਹੋ ਸਕਣ ਅਤੇ ਉਸ ਦੇਸ ਦੀਆਂ ਅਸੀਸਾਂ ਅਤੇ ਪ੍ਰਤਿੱਗਿਆਵਾਂ ਵਿੱਚ ਕਾਇਮ ਰਹਿ ਸਕਣ (ਬਿਵਸਥਾ ਸਾਰ 28:1, 2, 15, 16, 36, 37; 1 ਸਮੂਏਲ 15:22, 23; ਆਮੋਸ 5:21-24; ਮੀਕਾਹ 6:6-8)।

ਪਰਮੇਸ਼ੁਰ ਦੁਆਰਾ ਆਪਣੇ ਲੋਕਾਂ ਤੋਂ ਧਰਮੀ ਹੋਣ ਅਤੇ ਨਿਆਉਂ ਕਰਨ ਦੀ ਉਮੀਦ ਰੱਖਣ ਦਾ ਇੱਕ ਕਾਰਣ ਇਹ ਵੀ ਹੈ ਕਿ ਉਹ ਆਪ ਪਵਿੱਤਰ, ਧਰਮੀ ਅਤੇ ਨਿਆਈਂ ਹੈ। ਜਦ ਉਹ ਲੋਕ ਜੋ ਯਹੋਵਾਹ ਦੇ ਸਰੂਪ ਵਿੱਚ ਸਿਰਜੇ ਗਏ ਹਨ ਕੁਧਰਮੀ ਅਤੇ ਦੁਸ਼ਟ ਹੋ ਜਾਂਦੇ ਹਨ, ਤਾਂ ਇਸ ਦੇ ਕਾਰਣ ਉਸ ਦੇ ਆਪਣੇ ਚਰਿੱਤਰ ਨੂੰ ਗਲਤ ਸਮਝਿਆ ਜਾਂਦਾ ਹੈ (ਲੇਵੀਆਂ 19:2, 13-18, 29-37; ਯਸਾਯਾਹ 1:16-23; ਹੋਸ਼ੇਆ 4:1-4)। ਜਦ ਇਸਰਾਏਲੀ ਲੋਕ ਮੂਰਤੀ ਪੂਜਾ ਕਰਨ ਲੱਗ ਪਏ – ਹਰ ਤਰ੍ਹਾਂ ਦੀ ਦੁਸ਼ਟਤਾ ਵਿੱਚ ਸ਼ਾਮਲ ਹੋ ਗਏ, ਜਿਸ ਵਿੱਚ ਪੁਰਸ਼ ਅਤੇ ਇਸਤਰੀ ਵੇਸਵਾਵਾਂ ਦੇ ਨਾਲ ਪਰੰਪਰਾਗਤ ਹਰਾਮਕਾਰੀ ਅਤੇ ਆਪਣੇ ਬੱਚਿਆਂ ਦੀ ਨਰਬਲੀ ਦੇਣਾ ਵੀ

ਸ਼ਾਮਲ ਸੀ – ਤਾਂ ਪਰਾਈਆਂ ਕੌਮਾਂ ਦੇ ਵਿੱਚ ਪਰਮੇਸ਼ੁਰ ਦੇ ਨਾਮ ਦੀ ਨਿੰਦਿਆ ਹੋਣ ਲੱਗ ਪਈ (ਲੇਵੀਆਂ 18:1-30; 2 ਰਾਜਿਆਂ 23:1-27; 24:1-4; ਯਸਾਯਾਹ 52:5; ਹਿਜ਼ਕੀਏਲ 36:20; ਰੋਮੀਆਂ 2:24)।

ਪਰਮੇਸ਼ੁਰ ਨੇ ਲੋਕਾਂ ਨੂੰ ਸੱਚੀ ਤੋਬਾ ਵਿੱਚ ਲਿਆਉਣ ਲਈ ਪ੍ਰਤਿੱਗਿਆ ਕੀਤੀਆਂ ਹੋਈਆਂ ਅਸੀਸਾਂ ਅਤੇ ਪ੍ਰਤਿੱਗਿਆ ਕੀਤੇ ਹੋਏ ਦੰਡ ਦੀ ਵਰਤੋਂ ਕੀਤੀ। ਉਸ ਦੀ ਇੱਛਾ ਸੀ ਕਿ ਰੱਬੀ ਦੁੱਖ ਉਨ੍ਹਾਂ ਦੇ ਦਿਲਾਂ ਅਤੇ ਜੀਵਨਾਂ ਵਿੱਚ ਕੁਝ ਪਰਿਵਰਤਨ ਲਿਆਵੇਗਾ। ਪਰ ਫਿਰ ਵੀ ਉਸ ਨੇ ਉਨ੍ਹਾਂ ਨੂੰ (ਨਬੀਆਂ ਦੇ ਦੁਆਰਾ) ਜਿੰਨਾ ਜ਼ਿਆਦਾ ਆਪਣੇ ਕੋਲ ਬੁਲਾਇਆ ਉਹ ਓਨੇ ਹੀ ਜ਼ਿਆਦਾ ਉਸ ਤੋਂ ਦੂਰ ਹੁੰਦੇ ਗਏ (ਹੋਸ਼ੇਆ 11:1-7)। ਉਨ੍ਹਾਂ ਦੇ ਦਿਲ ਬੁਰੀ ਤਰ੍ਹਾਂ ਕਠੋਰ ਹੋ ਗਏ ਅਤੇ ਤੋਬਾ ਦੇ ਲਈ ਕੋਈ ਥਾਂ ਨਾ ਬਚਿਆ। ਇਸੇ ਕਰਕੇ ਆਖਿਰਕਾਰ ਯਹੂਦਾਹ ਅਤੇ ਇਸਰਾਏਲ ਨੂੰ ਬੰਦੀ ਬਣਾ ਕੇ ਪਰਦੇਸ ਵਿੱਚ ਲਿਜਾਇਆ ਗਿਆ ਅਤੇ ਉਹ ਆਪਣੀ ਹੈਕਲ, ਪਾਤਸ਼ਾਹੀ, ਦੇਸ ਅਤੇ ਅਜ਼ਾਦੀ ਗੁਆ ਬੈਠੇ।

*ਨਿਹਚਾਵਾਨ ਲੋਕ ਪ੍ਰਭੂ ਅੱਗੇ ਵਿਚੋਲਗੀ ਕਰਦੇ ਹਨ ਤਾਂ ਜੋ ਕੁਧਰਮੀਆਂ ਦੇ ਨਾਲ ਧਰਮੀਆਂ ਉੱਤੇ ਵਿਨਾਸ ਨਾ ਆਣ ਪਵੇ* (18:23-33)। ਅਬਰਾਹਾਮ ਦਾ ਵਿਸ਼ਵਾਸ ਸੀ ਕਿ ਸਦੂਮ ਅਤੇ ਅਮੂਰਾਹ ਦੇ ਨੇੜੇ ਜਾਂ ਵਿੱਚ ਅਜੇ ਵੀ ਕੁਝ ਧਰਮੀ ਲੋਕ ਵੱਸਦੇ ਸਨ ਅਤੇ ਦੁਸ਼ਟਾਂ ਉੱਤੇ ਪਰਮੇਸ਼ੁਰ ਦਾ ਨਿਆਉਂ ਪਾਏ ਜਾਣ ਵੇਲੇ ਉਹ ਵੀ ਦੁਸ਼ਟਾਂ ਦੇ ਨਾਲ ਨਾਸ ਹੋ ਜਾਣ ਦੇ ਖਤਰੇ ਵਿੱਚ ਸਨ। ਇਸ ਕਰਕੇ ਉਸ ਨੇ ਪਰਮੇਸ਼ੁਰ ਦੇ ਇਨਸਾਫ ਦੀ ਦਲੀਲ ਦਿੰਦਿਆਂ ਇਨ੍ਹਾਂ ਨਗਰਾਂ ਦੇ ਲਈ ਯਹੋਵਾਹ ਅੱਗੇ ਵਿਚੋਲਗੀ ਕੀਤੀ ਅਤੇ ਵਿਸ਼ਵਾਸ ਰੱਖਿਆ ਕਿ ਪਰਮੇਸ਼ੁਰ ਧਰਮੀਆਂ ਨੂੰ ਦੁਸ਼ਟਾਂ ਦੇ ਤੁੱਲ ਸਜ਼ਾ ਭੁਗਤਣ ਨਹੀਂ ਦੇਵੇਗਾ।

ਨਿਸ਼ਚਿਤ ਤੌਰ ’ਤੇ ਅਬਰਾਹਾਮ ਨੇ ਜਲ ਪਰਲੋ ਦੀ ਵਾਰਤਾ ਸੁਣੀ ਹੋਵੇਗੀ ਅਤੇ ਇਹ ਵੀ ਸੁਣਿਆ ਹੋਵੇਗਾ ਕਿ ਕਿਵੇਂ ਪਰਮੇਸ਼ੁਰ ਨੇ ਨੂਹ ਨੂੰ “ਧਰਮ ਦਾ ਪਰਚਾਰਕ” ਠਹਿਰਾਇਆ ਸੀ ਕਿ ਉਹ ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਦੇ ਵਸਨੀਕਾਂ ਨੂੰ ਤੋਬਾ ਕਰਨ ਅਤੇ ਕਿਸ਼ਤੀ ਵਿੱਚ ਪ੍ਰਵੇਸ਼ ਕਰਨ ਦੀ ਚਿਤਾਉਣੀ ਦੇਵੇ ਤਾਂ ਜੋ ਆਉਣ ਵਾਲੀ ਜਲ ਪਰਲੋ ਤੋਂ ਉਹ ਬਚਾਏ ਜਾ ਸਕਣ (2 ਪਤਰਸ 2:5)। ਇਸ ਮੌਕੇ ’ਤੇ ਅਬਰਾਹਾਮ ਸਿਆਣ ਗਿਆ ਸੀ ਕਿ ਆਉਣ ਵਾਲੇ ਵਿਨਾਸ ਦੇ ਸੰਦੇਸ਼ ਨੂੰ ਦੁਸ਼ਟ ਨਗਰਾਂ ਕੋਲ ਪੁਚਾਉਣ ਦਾ ਸਮਾਂ ਨਹੀਂ ਹੈ। ਉਹ ਤਾਂ ਬਸ ਐਨਾ ਹੀ ਕਰ ਸਕਦਾ ਸੀ ਕਿ ਧਰਮੀ ਲੋਕਾਂ – ਲੂਤ, ਉਸ ਦੇ ਪਰਿਵਾਰ ਅਤੇ ਸ਼ਾਇਦ ਕੁਝ ਹੋਰ ਲੋਕਾਂ – ਦੇ ਲਈ ਵਿਚੋਲਗੀ ਕਰੇ ਕਿ ਯਹੋਵਾਹ ਉਨ੍ਹਾਂ ਨੂੰ ਉਸ ਵਿਨਾਸ ਤੋਂ ਬਚਾ ਲਵੇ ਜਿਹੜਾ ਉਹ ਯਰਦਨ ਘਾਟੀ ਦੇ ਨਗਰਾਂ ਉੱਤੇ ਲਿਆਉਣ ਜਾ ਰਿਹਾ ਸੀ।

ਸ਼ਾਇਦ ਅਬਰਾਹਾਮ ਸਮਝ ਗਿਆ ਹੋਵੇਗਾ ਕਿ ਪਰਮੇਸ਼ੁਰ ਨੇ ਕਨਾਨ ਦੇਸ ਦੇ ਅਮੋਰੀਆਂ ਨੂੰ ਅਜੇ ਤੱਕ ਇਸ ਕਰਕੇ ਬਖਸ਼ਿਆ ਹੋਇਆ ਸੀ ਕਿਉਂਕਿ ਉਨ੍ਹਾਂ ਦੀ “ਬੁਰਿਆਈ ਅਜੇ ਪੂਰੀ ਨਹੀਂ ਹੋਈ” ਸੀ (15:16)। ਸ਼ਾਇਦ ਉਸ ਨੇ ਸ਼ਾਲੇਮ ਦੇ ਰਾਜਾ/ਜਾਜਕ ਨੂੰ ਵੀ ਚੇਤੇ ਕੀਤਾ ਹੋਵੇਗਾ ਜੋ ਮੂਰਤੀ ਪੂਜਕ ਕੌਮਾਂ ਦੇ ਵਿੱਚ “ਅੱਤ ਮਹਾਂ ਪਰਮੇਸ਼ੁਰ” ਦੀ ਨੁਮਾਇੰਦਗੀ ਕਰਦਾ ਆ ਰਿਹਾ ਸੀ (14:18)। ਕਿਉਂ ਜੋ ਪਰਾਈ ਕੌਮ ਵਿੱਚੋਂ ਇਹ ਜਾਜਕ ਸਪੱਸ਼ਟ ਤੌਰ ’ਤੇ ਇੱਕ ਧਰਮੀ ਰਾਜਾ ਸੀ (ਵੇਖੋ ਇਬਰਾਨੀਆਂ 7:2), ਜੋ ਉਸ ਇਲਾਕੇ ਦੇ ਲੋਕਾਂ ਉੱਤੇ ਨਿਸਤਾਰੇ ਦਾ ਪ੍ਰਭਾਵ ਪਾ ਰਿਹਾ ਸੀ, ਇਸ ਕਰਕੇ ਅਬਰਾਹਾਮ ਨੇ ਸ਼ਾਇਦ ਇਹ ਸਿੱਟਾ ਕੱਢਿਆ ਹੋਵੇਗਾ ਕਿ ਪਰਮੇਸ਼ੁਰ ਸਦੂਮ ਅਤੇ ਅਮੂਰਾਹ ਨੂੰ ਵੀ ਬਖਸ਼ ਦੇਵੇਗਾ ਜੇਕਰ ਉੱਥੇ ਕੁਝ ਧਰਮੀ ਲੋਕ ਵੱਸਦੇ ਹੋਣਗੇ। ਨੈਤਿਕ ਭਲਿਆਈ ਵਿੱਚ, ਫਿਰ ਭਾਵੇਂ ਇਹ ਥੋੜੇ ਜਿਹੇ ਲੋਕਾਂ ਦੀ ਹੀ ਕਿਉਂ ਨਾ ਹੋਵੇ, ਅਜਿਹੀ ਤਾਕਤ ਹੈ ਜੋ ਦੁਸ਼ਟ ਸਮਾਜ ਨੂੰ ਸੁਰੱਖਿਅਤ ਰੱਖਦੀ ਹੈ। ਪਰਮੇਸ਼ੁਰ ਜੋ ਧਰਮੀ ਨਿਆਈਂ ਹੈ ਦੁਸ਼ਟਾਂ ਉੱਤੇ

ਆਪਣਾ ਕ੍ਰੋਧ ਉਲੱਦਣ ਤੋਂ ਪਹਿਲਾਂ ਇਸ ਬਾਰੇ ਵਿਚਾਰ ਜ਼ਰੂਰ ਕਰੇਗਾ।

ਅਬਰਾਹਾਮ ਦੁਆਰਾ ਪਾਪੀ ਲੋਕਾਂ ਦੇ ਲਈ ਵਿਚੋਲਗੀ ਵਿੱਚ ਆਪਣੇ ਸੰਗੀ ਮਨੁੱਖਾਂ ਦੇ ਲਈ ਚਿੰਤਾ ਅਤੇ ਹਮਦਰਦੀ ਦਿਖਾਈ ਦਿੰਦੀ ਹੈ, ਕਿਉਂਕਿ ਉਨ੍ਹਾਂ ਦੇ ਅੰਦਰ ਵੀ ਪਰਮੇਸ਼ੁਰ ਦਾ ਸਰੂਪ ਹੈ। ਇਹ ਉਸ ਹੰਕਾਰ ਨੂੰ ਖਤਮ ਕਰ ਦਿੰਦੀ ਹੈ ਜੋ ਇੱਕ ਨੂੰ ਦੂਜੇ ਤੋਂ ਉੱਚਾ ਚੁੱਕਦਾ ਹੈ ਅਤੇ ਉਸ ਖੁਸ਼ੀ ਨੂੰ ਵੀ ਖਤਮ ਕਰ ਦਿੰਦੀ ਹੈ ਜੋ ਦੂਜਿਆਂ ਨੂੰ ਉਨ੍ਹਾਂ ਦੇ ਅਪਰਾਧਾਂ ਅਤੇ ਪਾਪਾਂ ਦੇ ਕਾਰਣ ਸਜ਼ਾ ਦਿੱਤੇ ਜਾਣ ਤੋਂ ਮਿਲਦੀ ਹੈ। ਜਿਵੇਂ ਕਿ ਪੌਲੁਸ ਨੇ ਆਖਿਆ, ਸੱਚਾ ਪ੍ਰੇਮ "ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ" (1 ਕੁਰਿੰਥੀਆਂ 13:6)। ਇਹ ਸਾਡੇ ਆਪਣੇ ਪਾਪਾਂ ਦੇ ਪ੍ਰਤੀ ਸਾਡੇ ਅੰਦਰ ਜਾਗਰੂਕਤਾ ਲਿਆਉਂਦੀ ਹੈ ਅਤੇ ਸਾਨੂੰ ਸ਼ੁਕਰਗੁਜ਼ਾਰ ਬਣਾਉਂਦੀ ਹੈ ਕਿ ਪ੍ਰਭੂ ਸਾਡੇ ਨਾਲ ਉਹੋ ਜਿਹਾ ਵਿਹਾਰ ਨਹੀਂ ਕਰਦਾ ਜਿਸ ਦੇ ਅਸੀਂ ਲਾਇਕ ਹਾਂ! ਪਾਪੀ ਹੋਣ ਦੇ ਕਾਰਣ ਸਾਨੂੰ ਮਜਦੂਰੀ ਵਜੋਂ ਸਿਰਫ ਮੌਤ ਹੀ ਮਿਲ ਸਕਦੀ ਹੈ (ਰੋਮੀਆਂ 6:23)। ਇਸ ਕਰਕੇ ਜਦ ਅਸੀਂ ਦੁਸ਼ਟ ਲੋਕਾਂ ਉੱਤੇ ਪਰਮੇਸ਼ੁਰ ਦੇ ਕ੍ਰੋਧ ਨੂੰ ਆਉਂਦਿਆਂ ਵੇਖਦੇ ਹਾਂ ਤਾਂ ਅਸੀਂ ਦਿਲੋਂ ਸਚਿਆਈ ਨਾਲ ਬਸ ਇਹੋ ਆਖ ਸਕਦੇ ਹਾਂ, "ਮੈਂ ਸਿਰਫ ਪਰਮੇਸ਼ੁਰ ਦੀ ਕਿਰਪਾ ਸਦਕਾ ਹੀ ਬਚਿਆ ਹਾਂ।" ਪਰਤੱਖ ਤੌਰ 'ਤੇ ਇਸੇ ਤਰ੍ਹਾਂ ਦੇ ਵਿਹਾਰ ਨੇ ਹੀ ਅਬਰਾਹਾਮ ਨੂੰ ਸਦੂਮ ਅਤੇ ਅਮੂਰਾਹ ਦੇ ਵਸਨੀਕਾਂ ਲਈ ਵਿਚੋਲਗੀ ਕਰਨ ਲਈ ਪ੍ਰੇਰਿਤ ਕੀਤਾ।

ਦੁਸ਼ਟਾਂ ਦੇ ਨਾਲ ਧਰਮੀਆਂ ਦੇ ਨਾਸ ਹੋ ਜਾਣ ਦੀ ਅਬਰਾਹਾਮ ਦੀ ਚਿੰਤਾ ਨੇ ਬਾਈਬਲ ਦੇ ਮਹਾਨ ਲੋਕਾਂ ਲਈ ਵਿਚੋਲਗੀ ਕਰਨ ਦਾ ਇੱਕ ਨਮੂਨਾ ਨਿਰਧਾਰਿਤ ਕਰ ਦਿੱਤਾ। ਪੁਰਾਣੇ ਨੇਮ ਵਿਚਲੇ ਸਭ ਤੋਂ ਵੱਡੇ ਉਦਾਹਰਣ ਮੂਸਾ ਨੇ ਇਸਰਾਏਲੀਆਂ ਦੇ ਲਈ ਬਾਰ-ਬਾਰ ਵਿਚੋਲਗੀ ਕੀਤੀ। ਇਸ ਪਰੰਪਰਾ ਨੂੰ ਯਹੋਸ਼ੁਆ, ਸਮੂਏਲ, ਦਾਊਦ, ਸੁਲੇਮਾਨ ਅਤੇ ਏਲੀਯਾਹ, ਅਲੀਸ਼ਾ, ਯਸਾਯਾਹ, ਯਿਰਮਿਯਾਹ ਅਤੇ ਹਿਜ਼ਕੀਏਲ ਜਿਹੇ ਨਬੀਆਂ ਨੇ ਵੀ ਜਾਰੀ ਰੱਖਿਆ।

ਨਵੇਂ ਨੇਮ ਵਿੱਚ ਪਹਾੜੀ ਉਪਦੇਸ਼ ਦਿੰਦਿਆਂ ਯਿਸੂ ਨੇ ਹੁਕਮ ਦਿੱਤਾ ਕਿ ਉਨ੍ਹਾਂ ਲਈ ਵਿਚੋਲਗੀ ਦੀ ਪ੍ਰਾਰਥਨਾ ਕੀਤੀ ਜਾਵੇ ਜੋ ਉਸ ਦੇ ਲੋਕਾਂ ਨੂੰ ਸਤਾਉਂਦੇ ਹਨ (ਮੱਤੀ 5:44)। ਜਦ ਉਸ ਨੇ ਸਤਾਏ ਹੋਏ ਅਤੇ ਨਿਰਾਸ਼ ਲੋਕਾਂ ਦੀ ਭੀੜ ਨੂੰ ਵੇਖਿਆ ਤਾਂ ਆਪਣੇ ਚੇਲਿਆਂ ਨੂੰ ਆਖਿਆ ਕਿ ਉਹ "ਖੇਤੀ ਦੇ ਮਾਲਕ" ਅੱਗੇ ਬੇਨਤੀ ਕਰਨ ਕਿ ਉਹ "ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ" (ਮੱਤੀ 9:36-38)। ਆਪਣੀ ਸਲੀਬੀ ਮੌਤ ਤੋਂ ਕੁਝ ਚਿਰ ਪਹਿਲਾਂ ਉਸ ਨੇ ਪ੍ਰਾਰਥਨਾ ਕੀਤੀ ਕਿ ਪਤਰਸ ਦੀ ਨਿਹਚਾ "ਜਾਂਦੀ ਨਾ ਰਹੇ" (ਲੂਕਾ 22:31, 32)। ਉਸ ਦੀ ਪ੍ਰਸਿੱਧ ਮਹਾਂਜਾਜਕੀ ਵਿਚੋਲਗੀ ਦੀ ਪ੍ਰਾਰਥਨਾ ਇਹ ਸੀ ਕਿ ਪਰਮੇਸ਼ੁਰ ਉਸ ਦੇ ਚੇਲਿਆਂ ਦੇ ਨਾਲ-ਨਾਲ ਉਨ੍ਹਾਂ ਸਭਨਾਂ ਦੀ ਵੀ, ਜੋ ਉਨ੍ਹਾਂ ਦੇ ਵਚਨ ਦੇ ਨਾਲ ਉਸ ਉੱਤੇ ਨਿਹਚਾ ਕਰਨਗੇ, ਦੁਸ਼ਟ ਤੋਂ ਰੱਛਿਆ ਕਰੇ, ਸਚਿਆਈ ਨਾਲ ਉਨ੍ਹਾਂ ਨੂੰ ਪਵਿੱਤਰ ਕਰੇ ਅਤੇ ਉਨ੍ਹਾਂ ਨੂੰ ਏਕਤਾ ਦੀ ਅਸੀਸ ਦੇਵੇ (ਯੂਹੰਨਾ 17:9-24)।

ਰਸੂਲਾਂ ਨੇ ਅਤੇ ਅਰੰਭਕ ਕਲੀਸਿਯਾ ਨੇ ਆਪਣੀਆਂ ਪ੍ਰਾਰਥਨਾਵਾਂ ਵਿੱਚ ਯਿਸੂ ਦੇ ਆਦਰਸ਼ ਦੀ ਪਾਲਣਾ ਕੀਤੀ (ਰਸੂਲਾਂ 1:14; 2:42; 4:23-31; 12:5-12; 13:1-3), ਕਿਉਂਕਿ ਉਹ ਜਾਣ ਗਏ ਸਨ ਕਿ ਉਹ ਆਪਣੇ ਲੋਕਾਂ ਦੀ "ਸਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ" (ਇਬਰਾਨੀਆਂ 7:25)। ਪੌਲੁਸ ਨੇ ਮਸੀਹੀ ਪ੍ਰਾਰਥਨਾ ਵਿੱਚ ਪਵਿੱਤਰ ਆਤਮਾ ਦੀ ਵਿਚੋਲਗੀ ਅਤੇ ਮਦਦ ਦਾ ਜ਼ਿਕਰ ਵੀ ਕੀਤਾ (ਰੋਮੀਆਂ 8:26-28)। ਉਸ ਦੇ ਪੱਤਰ ਭੂਮੱਧ ਸਾਗਰ ਦੇ ਨੇੜਲੇ ਇਲਾਕੇ ਵਿੱਚ ਵੱਸਦੇ ਪਰਮੇਸ਼ੁਰ ਦੇ ਲੋਕਾਂ ਲਈ ਹਿਰਦੇ ਨੂੰ ਛੋਹਣ ਵਾਲੀਆਂ ਅਤੇ ਸ਼ਕਤੀਸ਼ਾਲੀ ਪ੍ਰਾਰਥਨਾਵਾਂ ਨਾਲ ਭਰੇ ਪਏ ਹਨ। ਪੌਲੁਸ ਨੇ ਅਕਸਰ ਉਨ੍ਹਾਂ ਭਰਾਵਾਂ ਲਈ ਵੀ ਪ੍ਰਾਰਥਨਾ ਕੀਤੀ ਜਿਨ੍ਹਾਂ ਨੂੰ ਉਹ ਨਿੱਜੀ ਤੌਰ 'ਤੇ ਨਹੀਂ ਜਾਣਦਾ ਸੀ (ਅਫ਼ਸੀਆਂ 1:15-23; 3:2,

14-21)। ਇਸ ਤੋਂ ਇਲਾਵਾ ਉਸ ਨੇ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ “ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ” ਕਰਦੇ ਰਹਿਣ, ਅਤੇ “ਸੰਤਾਂ ਲਈ ਬਹੁਤ ਤਕੜਾਈ ਨਾਲ ਬੇਨਤੀ” ਕਰਨ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਉਸ ਦੇ ਲਈ ਵੀ ਵਿਚੋਲਗੀ ਦੀ ਪ੍ਰਾਰਥਨਾ ਕਰਨ ਤਾਂ ਜੋ ਉਹ “ਦਿਲੇਰੀ ਨਾਲ ਖੁਸ਼ ਖਬਰੀ ਦਾ ਭੇਤ ਖੋਲ੍ਹ” ਸਕੇ (ਅਫ਼ਸੀਆਂ 6:18, 19)। ਪੌਲੁਸ ਨੇ ਵਿਚੋਲਗੀ ਦੀ ਪ੍ਰਾਰਥਨਾ ਦਾ ਐਨਾ ਮਹੱਤਵ ਵੇਖਿਆ ਕਿ ਉਸ ਨੇ ਮਸੀਹੀਆਂ ਨੂੰ ਤਾਗੀਦ ਕੀਤੀ ਕਿ ਉਹ ਸਭਨਾਂ ਲੋਕਾਂ ਲਈ ਪ੍ਰਾਰਥਨਾ ਕਰਨ, “ਪਾਤਸ਼ਾਹਾਂ ਅਤੇ ਸਭਨਾਂ ਮਰਾਤਬੇ ਵਾਲਿਆਂ ਦੇ ਲਈ ਭਈ ਅਸੀਂ ਪੂਰੀ ਭਗਤੀ ਅਤੇ ਗੰਭੀਰਤਾਈ ਵਿੱਚ ਚੈਨ ਅਤੇ ਸੁਖ ਨਾਲ ਉਮਰ ਭੋਗੀਏ” (1 ਤਿਮੋਥਿਉਸ 2:2)।

---

## ਟਿੱਪਣੀਆਂ

[1]ਜੌਨ ਐੱਚ. ਵਾਲਟਨ, ਵਿਕਟਰ ਐੱਚ. ਮੈਥਿਉਸ ਅਤੇ ਮਾਰਕ ਡਬਲਿਉ. ਚਵੈਲਸ, *ਦਿ ਆਈ ਵੀ ਪੀ ਬਾਈਬਲ ਬੈਕਗ੍ਰਾਉਂਡ ਕਮੈਂਟ੍ਰੀ: ਓਲਡ ਟੈਸਟਾਮੈਂਟ* (ਡਾਉਨਰਜ਼ ਗ੍ਰੂਵ, ਇਲਿਨੋਏ: ਇੰਟਰਵਰਸਿਟੀ ਪ੍ਰੈਸ, 2000), 50. [2]ਐਡਵਿਨ ਯਾਮਾਉਚੀ, “חָוָר,” *TWOT*, 1:268 ਵਿੱਚ। [3]ਸਾਮਰੀ ਇਸਤਰੀ ਨੇ ਵੀ ਯਿਸੂ ਨੂੰ “ਪ੍ਰਭੂ” (κύριος, *ਕੁਰਿਓਸ*) ਆਖਿਆ, ਜਿਸ ਦਾ ਅਰਥ ਹੈ “ਸ੍ਰੀਮਾਨ ਜੀ” (NASB; KJV; NIV; NRSV), ਜਦ ਯਿਸੂ ਨੇ ਉਸ ਨੂੰ “ਅੰਮ੍ਰਿਤ ਜਲ” ਦੇਣ ਦੀ ਪ੍ਰਤਿੱਗਿਆ ਕੀਤੀ (ਯੂਹੰਨਾ 4:10, 11)। [4]ਪੁਰਾਤਨ ਇਬਰਾਨੀ ਮਾਪਕਾਂ ਦੇ ਆਧੁਨਿਕ ਸਮਾਨਾਂਤਰ ਰੂਪ ਨਿਰਧਾਰਿਤ ਕਰਨੇ ਔਖੇ ਹਨ। “ਮਾਪ” ਬਾਰੇ ਹੋਈ ਇੱਕ ਚਰਚਾ ਲਈ ਵੇਖੋ ਰੋਲੈਂਡ ਡੇ ਵੌਕਸ, *ਏਂਸ਼ਿਅੰਟ ਇਸਰਾਏਲ*, ਜਿਲਦ 1, *ਸੋਸ਼ਲ ਇੰਸਟੀਟ੍ਯੂਸ਼ਨਸ* (ਨਿਉ ਯੋਰਕ: ਮੈੱਕਗ੍ਰਾ-ਹਿਲ ਬੁਕ ਕੰਪਨੀ, 1965), 201–3; ਅਤੇ ਐਡਵਰਡ ਐੱਮ. ਕੁੱਕ, “ਵੇਟਸ ਐਂਡ ਮੈਸ਼ਰਸ,” *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਉ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਅਰਡਮੰਸ ਪਬਲਿਸ਼ਿੰਗ ਕੰਪਨੀ, 1988), 4:1050–51 ਵਿੱਚ। [5]ਜੌਨ ਈ. ਹਾਰਟਲੇ, *ਜੇਨੇਸਿਸ*, ਦਿ ਨਿਉ ਇੰਟਰਨੈਸ਼ਨਲ ਬਿਬਲਿਕਲ ਕਮੈਂਟ੍ਰੀ (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 2000), 178. [6]ਫ੍ਰਾਂਸਿਸ ਬ੍ਰਾਉਨ, ਐੱਸ. ਆਰ. ਡ੍ਰਾਈਵਰ, ਅਤੇ ਚਾਰਲਸ ਏ. ਬ੍ਰਿਜਸ, *ਏ ਹਿਬ੍ਰੂ ਐਂਡ ਇੰਗਲਿਸ਼ ਲੈਕਸਿਕਨ ਆਫ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰੇਂਡਨ ਪ੍ਰੈਸ, 1962), 312. [7]ਮਾਰਟਿਨ ਜੇ. ਮੁਲਡਰ, “ਸੋਡੋਮ ਐਂਡ ਗੋਮੋਰਾਹ,” *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾਦਕ ਡੇਵਿਡ ਨੋਏਲ ਫ੍ਰੀਡਮਨ (ਨਿਉ ਯੋਰਕ: ਡਬਲਡੇ, 1992), 6:99–103 ਵਿੱਚ। [8]ਵੇਖੋ *ਦਿ ਕਨਫੈਸ਼ਨ ਆਫ ਫੇਥ ਆਫ ਦਿ ਪ੍ਰੈਸਬਿਟੇਰਿਅਨ ਚਰਚ ਇਨ ਦਿ ਯੁਨਾਇਟੇਡ ਸਟੇਟਸ* (ਰਿਚਮੰਡ, ਵਰਜੀਨੀਆ: ਜੌਨ ਨੌਕਸ ਪ੍ਰੈਸ, 1952), 25–30. ਇਸ ਸਿੱਖਿਆ, ਜਿਸ ਨੂੰ *ਵੈਸਟਮਿੰਸਟਰ ਕਨਫੈਸ਼ਨ ਆਫ ਫੇਥ* ਵਿੱਚੋਂ ਲਿਆ ਗਿਆ ਹੈ, ਦੀ ਪਾਲਣਾ ਅਜੇ ਵੀ ਸੰਸਾਰਭਰ ਵਿੱਚ ਅਨੇਕਾਂ “ਰਿਫੋਰਮਡ ਚਰਚਜ਼” ਦੁਆਰਾ ਕੀਤੀ ਜਾਂਦੀ ਹੈ। [9]ਜੌਨ ਐੱਨ. ਓਸਵਾਲਟ ਨੇ ਆਖਿਆ, “ਕਿਉਂ ਜੋ ਪਰਮੇਸ਼ੁਰ ਯੋਜਨਾਬੱਧ ਰੀਤੀ ਨਾਲ ਕੁਝ ਲੋਕਾਂ ਨੂੰ ਕੁਝ ਖਾਸ ਕੰਮ ਕਰਨ ਲਈ ਚੁਣਦਾ ਹੈ, ਇਸ ਕਰਕੇ ਉਹ ਉਦੋਂ ਉਨ੍ਹਾਂ ਨੂੰ ਹਟਾ ਵੀ ਸਕਦਾ ਹੈ ਜਦੋਂ ਉਹ ਉਸ ਉਦੇਸ਼ ਦੀ ਪੂਰਤੀ ਕਰਨ ਤੋਂ ਭਟਕ ਜਾਂਦੇ ਹਨ (1 ਸਮੂਏਲ 2:27 ਤੋਂ ਅੱਗੇ)” (ਜੌਨ ਐੱਨ. ਓਸਵਾਲਟ, “בָּחַר,” *TWOT*, 1:100 ਵਿੱਚ)। [10]ਵਿਕਟਰ ਪਿ. ਹੈਮਿਲਟਨ, *ਦਿ ਬੁਕ ਆਫ ਜੇਨੇਸਿਸ: ਚੈਪਟਰਸ 18-50*, ਦਿ ਨਿਉ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਅਰਡਮੰਸ ਪਬਲਿਸ਼ਿੰਗ ਕੰਪਨੀ, 1995), 23.

[11]ਜੌਨ ਟੀ. ਵਿਲੀਸ, *ਜੇਨੇਸਿਸ*, ਦਿ ਲਿਵਿੰਗ ਵਰਡ ਕਮੈਂਟ੍ਰੀ (ਔਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰਪਨੀ, 1979), 261–62.